ਕੈਨੇਡੀਅਨ ਪੰਜਾਬੀ ਰੰਗਮੰਚੀ ਨਾਟਕ

# ਡਾਲਰਾਂ ਦੀ ਦੌੜ

**ਨਾਹਰ ਔਜਲਾ**

ਚੇਤਨਾ ਮੰਚ ਪ੍ਰਕਾਸ਼ਨ, ਬਰੈਂਪਟਨ ਕੈਨੇਡਾ

DOLLORAN DEE DAUR
(A Collection of Stage Playes)

**Written By:**
NAHAR SINGH AUJLA
21 Ravenswood Drive
Brampton, ON, L6Y 3Y6, Canada
Phone: 905-459-5686
Cell: 416-728-5686
**Edited By:**
MASTER TARLOCHAN SINGH
Samrala Tel. 94632-03360
email:tarlochansingh12@gmail.com

| | | |
|---|---|---|
| © | : | ਪ੍ਰਕਾਸ਼ਨ |
| ਪਹਿਲੀ ਵਾਰ | : | ਮਈ, 2011 |
| ਮੁੱਲ | : | ਸਜਿਲਦ:100 ਰੁਪਏ (10 ਡਾਲਰ) |
| | | ਪੇਪਰ ਬੈਕ: 60 ਰੁਪਏ |
| ਪ੍ਰਕਾਸ਼ਕ | : | CHETNA MANCH PRAKASHAN, |
| | | BRAMPTON (Canada) |
| ਸ਼ਬਦ ਜੜਤ | : | ਕੇਸਰ ਸਿੰਘ, ਵੈਕ ਕੰਪਿਊਟਰਜ਼, |
| | | 1-ਦੇਸ਼ ਭਗਤ ਯਾਦਗਾਰ ਹਾਲ ਜੀ. ਟੀ. ਰੋਡ |
| | | ਜਲੰਧਰ ਫ਼ੋਨ : 98140-87063 |
| ਪ੍ਰਿੰਟਰਜ਼ | : | ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ |

# ਸਮਰਪਣ

ਮੇਰੀ ਜੀਵਨ-ਸਾਥਣ ਤੇ ਨਿੱਘੀ ਦੋਸਤ ਅਵਤਾਰ ਔਜਲਾ ਨੂੰ, ਜਿਸ ਨੇ ਡਾਲਰਾਂ ਦੀ ਦੌੜ ਵਾਲੇ ਦੇਸ਼ ਵਿਚ ਵੀ ਮੇਰੇ ਸੁਪਨਿਆਂ ਨੂੰ ਜਿਉਂਦਾ ਰੱਖਣ ਲਈ ਹਮੇਸ਼ਾ ਹੀ ਮੈਨੂੰ ਪੜ੍ਹਨ ਤੇ ਕੁਝ ਚੰਗਾ ਲਿਖਣ ਦੀ ਪ੍ਰੇਰਨਾ ਦਿੱਤੀ। ਬਹੁਤ ਹੀ ਚਾਵਾਂ ਨਾਲ ਪਾਲੀ ਸਾਡੀ ਬੇਟੀ ਨਵੀ ਔਜਲਾ ਤੇ ਬਹੁਤ ਹੀ ਲਾਇਕ ਬੇਟੇ ਵਿੱਕੀ ਔਜਲਾ ਨੂੰ ਜਿਨ੍ਹਾਂ ਨੇ ਮੈਨੂੰ ਕੈਨੇਡੀਅਨ ਬੱਚਿਆਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਤੇ ਉਨ੍ਹਾਂ ਕਿਰਦਾਰਾਂ ਲਈ ਬਾਖੂਬੀ ਅਦਾਕਾਰੀ ਦਿਖਾਈ।

# ਤਤਕਰਾ


| | | |
|---|---|---|
| * | ਸੰਪਾਦਕੀ/ਮਾਸਟਰ ਤਰਲੋਚਨ ਸਿੰਘ | 07 |
| * | ਪੰਜ ਫੁੱਲਾਂ ਦਾ ਗੁਲਦਸਤਾ/ਅਮੋਲਕ ਸਿੰਘ | 13 |
| * | ਡਾਲਰਾਂ ਦੀ ਦੌੜ-ਮੰਚਣ ਤੋਂ ਪੁਸਤਕ ਤੱਕ ਦਾ ਸਫ਼ਰ/ਨਾਹਰ ਔਜਲਾ | 15 |
| * | ਆਈ. ਸੀ. ਨੰਦਾ ਦਾ ਨਾਟਕ 'ਸੁਹਾਗ' ਬਨਾਮ ਨਾਹਰ ਔਜਲਾ ਦਾ ਡਾਲਰਾਂ ਦੀ ਦੌੜ/ਸ. ਸ. ਘੁੰਮਣ | 19 |
| * | ਨਾਟਕ ਡਾਲਰਾਂ ਦੀ ਦੌੜ | 23 |
| * | ਨਾਟਕ 'ਰੌਕੀ' ਇਕ ਅਧਿਐਨ/ਡਾ. ਸਰਬਜੀਤ ਸਿੰਘ ਘੁੰਮਣ | 35 |
| * | ਨਾਟਕ 'ਰੌਕੀ' | 37 |
| * | ਨਾਟਕ 'ਅਹਿਸਾਸ' | 55 |
| * | ਨਾਟਕ 'ਤਿੜਕਦੇ ਰਿਸ਼ਤੇ' | 67 |
| * | ਨਾਟਕ 'ਨਵੇਂ ਯੁੱਗ ਦੀ ਬਾਤ' | 79 |
| * | ਟਰਾਂਟੋ ਦੇ ਪੰਜਾਬੀ ਰੰਗਮੰਚ ਉੱਤੇ ਇਕ ਝਾਤ | 97 |

# ਧੰਨਵਾਦ

ਉਨ੍ਹਾਂ ਕਲਾਕਾਰਾਂ ਦਾ ਜਿਨ੍ਹਾਂ ਨੇ ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਸਮਾਂ ਕੱਢ ਕੇ ਇਹਨਾਂ ਨਾਟਕਾਂ ਨੂੰ ਦਰਸ਼ਕਾਂ ਦੇ ਸਨਮੁੱਖ ਪੇਸ਼ ਕਰਨ ਦੇ ਸਮਰੱਥ ਬਣਾਇਆ।

## ਸਾਡੇ ਸਹਿਯੋਗੀ ਸੁਹਿਰਦ ਰੰਗਕਰਮੀ

ਸ਼ਿਵਰਾਜ ਸਨੀ, ਦਿਲਬੀਰ ਗਿੱਲ, ਅਮਰ ਅਕਬਰਪੁਰੀ, ਸੁਰਜੀਤ ਢੀਂਡਸਾ, ਸੁਨੀਤ ਖਿੰਡ, ਕੁਲਦੀਪ ਰੰਧਾਵਾ, ਕੋਮਲ ਸ਼ਾਰਦਾ, ਪ੍ਰਭਜੋਤ ਮਠਾੜੂ, ਤਰਨਜੀਤ ਸੰਧੂ, ਨਵੀ ਔਜਲਾ, ਗੁਰਚਰਨ ਢਿੱਲੋਂ, ਬਲਤੇਜ ਸਿੱਧੂ, ਅਵਤਾਰ ਔਜਲਾ, ਵਿੱਕੀ ਔਜਲਾ, ਹੀਰਾ ਰੰਧਾਵਾ, ਸ਼ਰਨਜੀਤ ਔਜਲਾ, ਨਰਿੰਦਰ ਖਿੰਡ, ਗੁਰਬੀਰ ਗੋਗੋ, ਗੁਰਵਿੰਦਰਜੀਤ ਢਿੱਲੋਂ, ਸੁਖਮੀਤ ਢਿੱਲੋਂ ਤੇ ਕਰਮਜੀਤ ਗਿੱਲ।

**ਸੰਪਾਦਕੀ**

## *ਪ੍ਰਵਾਸੀ ਪੰਜਾਬੀ ਜਨਜੀਵਨ ਦਾ ਯਥਾਰਕ ਚਿਤਰਣ*

# "ਡਾਲਰਾਂ ਦੀ ਦੌੜ"

**-ਮਾਸਟਰ ਤਰਲੋਚਨ ਸਿੰਘ ਸਮਰਾਲਾ**

"ਡਾਲਰਾਂ ਦੀ ਦੌੜ" ਨਾਟ-ਸੰਗ੍ਰਿਹ ਤੁਹਾਡੇ ਹੱਥਾਂ 'ਚ ਹੈ। ਪ੍ਰਵਾਸੀ ਪੰਜਾਬੀ ਜਨ ਜੀਵਨ ਦੀ ਬਾਤ ਪਾਉਂਦੇ ਪੰਜ ਨਾਟਕਾਂ ਨੂੰ ਇਸ ਪੁਸਤਕ ਵਿੱਚ ਸੰਕਲਿਤ ਕੀਤਾ ਗਿਆ ਹੈ।

ਇਹਨਾਂ ਨਾਟਕਾਂ ਦੇ ਸਿਰਜਕ ਨਾਹਰ ਔਜਲਾ ਸਮਾਜਿਕ ਤੇ ਸਭਿਆਚਾਰਕ ਗਤੀਵਿਧੀਆਂ ਦੇ ਖੇਤਰ ਵਿੱਚ ਜਾਣੇ ਪਛਾਣੇ ਹਸਤਾਖ਼ਰ ਹਨ। ਇਹ ਨਾਟਕ ਉਹਨਾਂ ਦੇ ਕਾਲਜੇ 'ਚੋਂ ਉੱਠੀ, ਪੰਜਾਬੀ ਭਾਈਚਾਰੇ ਪ੍ਰਤੀ ਫਿਕਰਮੰਦ ਚੀਸ ਦਾ ਪ੍ਰਮਾਣ ਹਨ।

ਇਹ ਫਿਕਰਮੰਦੀ ਕੈਨੇਡਾ ਆ ਕੇ ਅਚਾਨਕ ਉੱਠੇ ਹੇਰਵੇ ਤੇ ਉਦਰੇਵੇਂ ਦੇ ਅਹਿਸਾਸ ਤੋਂ ਵੱਖਰੀ ਹੈ। ਨਾਹਰ ਔਜਲਾ ਦੇ ਪੰਜੇ ਨਾਟਕ ਜਿੱਥੇ ਇੱਕ ਵੱਖਰੇ ਸਮਾਜ 'ਚ ਰਹਿੰਦਿਆਂ, ਉਹਦੇ 'ਚ ਸੈਟਲ ਹੋਣ ਦੀ ਸੁਚੇਤ ਕੋਸ਼ਿਸ਼ ਕਰਦਿਆਂ ਵੀ ਜੜ੍ਹਹੀਣਤਾ ਵਰਗੇ ਸੂਖਮ ਅਹਿਸਾਸ ਹੰਢਾਉਂਦੇ ਮਨੁੱਖਾਂ ਦੀ ਕਹਾਣੀ ਹੈ।

ਪੰਜਾਬੀ ਭਾਈਚਾਰਾ, ਅਜੇ ਆਪਣੇ ਪਿਛੋਕੜ ਵਿਚਲੇ ਸਮਾਂ ਵਿਹਾ ਚੁੱਕੇ ਸੰਸਕਾਰਾਂ ਤੋਂ ਖਹਿੜਾ ਨਹੀਂ ਛੁਡਾ ਸਕਿਆ ਜਿਸ ਦੇ ਸਿੱਟੇ ਵਜੋਂ ਬਹੁਤ ਹੀ ਗੁੰਝਲਦਾਰ ਸਮਾਜਿਕ ਤੇ ਮਨੋਵਿਗਿਆਨਕ ਸੰਕਟਾਂ ਦਾ ਜਨਮਦਾਤਾ ਬਣਦਾ ਹੈ। ਨਾਹਰ ਔਜਲਾ ਹੁਰਾਂ ਦੇ ਨਾਟਕ ਇਹਨਾਂ ਸੰਕਟਾਂ ਦੀ ਨਿਸ਼ਾਨਦੇਹੀ ਕਰਨ 'ਚ ਨਿਰਸੰਦੇਹ ਸਫ਼ਲ ਹੁੰਦੇ ਹਨ। ਆਪਣੇ ਵੱਲੋਂ ਕੁਝ ਹੱਲ, ਕੁਝ ਇਸ਼ਾਰੇ ਵੀ ਦਰਸਾਏ ਹਨ ਜਿਹੜੇ ਸ਼ਾਇਦ ਵੱਡੇ ਕੈਨਵਸ ਤੇ ਹੋਰ ਵਧੇਰੇ ਸਪੱਸ਼ਟਤਾ ਨਾਲ ਦਰਸਾਏ ਜਾ ਸਕਦੇ ਹਨ।

ਨਾਟ-ਕਲਾ ਮਹਿਜ਼ ਸਵੈ ਪ੍ਰਗਟਾਵੇ ਤੱਕ ਮਹਿਦੂਦ ਕਦੇ ਨਹੀਂ ਰਹੀ। ਇਹ ਸਮੂਹਿਕ ਸੋਚ ਦੀ ਜ਼ਾਮਨ ਰਹੀ ਹੈ। ਇਹ ਨਾਟਕ ਸਮੂਹਿਕ ਸੋਚ ਦੇ ਨਾਟਕ ਹਨ।

ਪੰਜਾਬ ਦੇ ਪਿੰਡਾਂ ਕਸਬਿਆਂ 'ਚ ਪਿਛਲੇ 35-36 ਸਾਲ ਤੋਂ ਲਗਾਤਾਰ ਰੰਗਮੰਚ ਕਰਦਿਆਂ ਮੇਰਾ ਇਹ ਅਹਿਸਾਸ ਗੂੜਾ ਹੀ ਹੁੰਦਾ ਗਿਆ ਕਿ ਕਿਸੇ ਖਿੱਤੇ ਜਾਂ ਸੱਭਿਆਚਾਰਕ ਜੁੱਟ ਵਿੱਚ ਉਹੋ ਹੀ ਨਾਟਕ ਸਫ਼ਲ ਹੋ ਸਕਦਾ ਹੈ ਜੋ ਖ਼ੁਦ ਉਸੇ ਮਿੱਟੀ ਚੋਂ ਜਨਮਿਆ ਹੋਵੇ, ਉਸ ਖਿੱਤੇ ਦੇ ਜਨ ਜੀਵਨ ਨਾਲ ਸਬੰਧਿਤ ਹੋਵੇ। ਕਈ ਵਾਰ ਪੰਜਾਬ ਦੇ ਰੰਗਮੰਚ ਉੱਤੇ ਵਿਦੇਸ਼ੀ ਨਾਟਕਾਂ ਦੇ ਅਨੁਵਾਦ ਵੀ ਕਿਤੇ ਕਿਤੇ ਹੁੰਦੇ ਦੇਖਦੇ, ਸੁਣਦੇ

ਰਹਿੰਦੇ ਹਾਂ ਪਰ ਕਿਸੇ ਵਿਰਲੇ ਟਾਵੇਂ ਨੂੰ ਛੱਡ ਕੇ ਬਾਕੀ ਪਲ ਦੀ ਪਲ ਸਨਸਨੀ ਤਾਂ ਪੈਦਾ ਕਰਦੇ ਹਨ ਫਿਰ ਥੋੜੇ ਸਮੇਂ ਵਿੱਚ ਹੀ ਲੋਕ ਮਨਾਂ ਦੇ ਚੇਤਿਆਂ 'ਚੋਂ ਵਿਸਰ ਜਾਂਦੇ ਹਨ।

ਸਮਾਜਿਕ ਵਿਰੋਧਤਾਈਆਂ ਤੇ ਮਨੁੱਖੀ ਮਨ ਦੀਆਂ ਪਰਤਾਂ ਆਦਿ ਵਰਤਾਰੇ ਸਰਵ ਵਿਆਪੀ ਹੋਣ ਦੇ ਬਾਵਜੂਦ ਆਪਣੀ ਆਂਚਲਿਕਤਾ, ਆਪਣੀ ਵਿਸ਼ੇਸ਼ ਭੂਗੋਲਿਕ ਸਥਿਤੀ, ਸਭਿਆਚਾਰਕ ਰਹਿਤਲ ਵਿਚ ਵਿਚਾਰਿਆਂ ਹੀ ਆਪਣੇ ਪਾਠਕਾਂ/ਦਰਸ਼ਕਾਂ ਨਾਲ ਸਜੀਵ ਰਿਸ਼ਤਾ ਸਿਰਜ ਸਕਦੇ ਹਨ।

"ਡਾਲਰਾਂ ਦੀ ਦੌੜ" ਵਿਚਲੇ ਨਾਟਕ ਕੈਨੇਡਾ ਦੇ ਜਨਜੀਵਨ ਦੇ ਗਹਿਰ ਗੰਭੀਰ ਅਧਿਐਨ ਦਾ ਸਿੱਟਾ ਹਨ। ਨਾਹਰ ਔਜਲਾ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਕੈਨੇਡਾ 'ਚ ਰਹਿ ਰਹੇ ਹਨ। ਆਪਣੀ ਜੀਵਨ ਸਾਥਣ ਅਵਤਾਰ ਔਜਲਾ ਨਾਲ ਆਪਣੀ ਪੰਜਾਬੀ ਕਮਿਊਨਿਟੀ ਦੇ ਅੰਗ ਸੰਗ ਇੱਕ ਸੁਚੇਤ ਕਾਰਜ ਕਰਤਾ ਵਾਂਗ ਵਿਚਰਦਿਆਂ ਇਸ ਦੀ ਨਬਜ਼ ਰੰਗਮੰਚ ਦੇ ਮਾਧਿਅਮ ਰਾਹੀਂ ਟੋਹਣ ਦਾ ਸਾਰਥਿਕ ਯਤਨ ਕੀਤਾ ਹੈ। ਇਹਨਾਂ ਦੇ ਮੰਚਣ ਸਮੇਂ, ਇਹਨਾਂ ਨਾਟਕਾਂ ਨੂੰ ਮਿਲਿਆ ਭਰਪੂਰ ਹੁੰਘਾਰਾ ਇਸ ਗੱਲ ਦਾ ਵੀ ਪ੍ਰਮਾਣ ਹੈ ਕਿ ਜੀਹਦੇ ਦੁੱਖ-ਸੁੱਖ ਦੀ ਬਾਤ ਪਾਈ ਜਾਂਦੀ ਹੈ, ਉਹ ਹੁੰਘਾਰਾ ਜ਼ਰੂਰ ਭਰਦਾ ਹੈ।

"ਡਾਲਰਾਂ ਦੀ ਦੌੜ" ਵਿਚਲੇ ਸਾਰੇ ਨਾਟਕ ਦਰਸ਼ਕਾਂ ਵੱਲੋਂ ਦੇਖੇ ਤੇ ਸਰਾਹੇ ਜਾ ਚੁੱਕੇ ਹਨ। ਵੈਸੇ ਰੰਗਮੰਚ ਕਰਨਾ ਕੋਈ ਬਹੁਤ ਸੌਖਾ ਕਾਰਜ ਨਹੀਂ ਉਸਤਰਿਆਂ ਦੀ ਮਾਲ਼ਾ ਗਲ਼ 'ਚ ਪਾਉਣ ਵਰਗੀ ਗੱਲ ਹੈ। ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਉਪਰੰਤ ਦਰਸ਼ਕਾਂ ਦੀ ਕਚਹਿਰੀ ਵਿੱਚ ਪੇਸ਼ ਹੋਣਾ ਹੁੰਦਾ ਹੈ, ਜਿੱਥੇ ਨਾਲ ਦੀ ਨਾਲ ਰਿਜ਼ਲਟ ਵੀ ਮਿਲ ਜਾਂਦਾ ਹੈ। ਸੋ ਰੰਗਮੰਚ ਵਿਅਕਤੀਗਤ ਨਾ ਹੋ ਕੇ ਸਮੂਹਿਕ ਕਲਾ ਹੋਇਆ ਕਰਦੀ ਹੈ। ਨਾਹਰ ਔਜਲਾ ਇਹ ਜ਼ਿੰਮੇਵਾਰੀ ਵੀ ਨਿਭਾਅ ਰਿਹਾ ਹੈ।

ਕਿਸੇ ਵੀ ਬੋਲੀ ਜਾਂ ਖਿੱਤੇ ਦਾ ਸਾਹਿਤ ਸਭਿਆਚਾਰ, ਕਿਸੇ ਖਲਾਅ ਚੋਂ ਅਚਾਨਕ ਆਪਣੇ ਅਤਿ ਵਿਕਸਤ ਰੂਪ ਵਿੱਚ ਨਹੀਂ ਟਪਕ ਪੈਂਦਾ ਸਗੋਂ ਇਹ ਇਸਦੇ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਦਾ ਸਿੱਟਾ ਮਾਤਰ ਹੁੰਦਾ ਹੈ। ਜਿਵੇਂ ਕਿਸੇ ਵੇਲੇ ਪੰਜਾਬੀ ਨਾਟਕ ਲੇਖਣ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਨੇ ਨਿੱਕੀਆਂ-ਨਿੱਕੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਜਨ ਸਮੂਹ ਦੀ ਸਮਾਜਿਕ ਚੇਤਨਾ ਤਿੱਖੀ ਕਰਨ ਵਾਲੇ ਨਾਟਕ ਰਚੇ ਸਨ, ਜੋ ਆਪਣੇ ਸਮੇਂ ਦਾ ਸੱਚ ਸਨ। ਉਹੀ ਨਾਟਕ ਪੰਜਾਬੀ ਰੰਗਮੰਚ ਦੀ ਅਧਾਰਸ਼ਿਲਾ ਬਣੇ। ਅੱਜ ਦਾ ਵਿਕਸਿਤ ਪੰਜਾਬੀ ਰੰਗਮੰਚ ਉਸੇ ਬੁਨਿਆਦ ਤੇ ਉਸਰਿਆ ਹੈ।

ਇਸੇ ਤਰ੍ਹਾਂ ਪ੍ਰਵਾਸ ਤੇ ਆਵਾਸ ਦੀ ਲਛਮਣ ਰੇਖਾ ਦੇ ਆਰ ਪਾਰ ਕੈਨੇਡਾ ਤੇ ਹੋਰ ਵਿਕਸਤ ਮੁਲਕਾਂ 'ਚ ਰਹਿ ਰਹੇ ਲੋਕਾਂ ਦੀਆਂ ਆਪਣੀਆਂ ਮੁਸ਼ਕਿਲਾਂ ਬਾਰੇ ਪਿਛਲੇ

ਕੁਝ ਸਾਲਾਂ ਤੋਂ ਰੰਗਮੰਚ ਦੇ ਮਾਧਿਅਮ ਰਾਹੀਂ ਗੱਲ ਤੁਰਨੀ ਸ਼ੁਰੂ ਹੋਈ ਹੈ। ਇਸ ਸੰਵਾਦ ਨੂੰ ਰਚਾਉਣ ਵਾਲਿਆਂ ਵਿੱਚ ਨਾਹਰ ਔਜਲਾ ਵਰਗੇ ਸੁਹਿਰਦ ਲੋਕਾਂ ਦਾ ਵੱਡਾ ਰੋਲ ਹੈ। ਸ਼ਾਇਦ "ਡਾਲਰਾਂ ਦੀ ਦੌੜ" ਵਰਗੀ ਮੈਰਾਥਨ ਵਿੱਚ ਭੱਜ ਰਹੇ ਮਿਹਨਤੀ ਲੋਕਾਂ ਨੂੰ ਅਜਿਹੇ ਸਾਰਥਿਕ ਸੰਵਾਦ ਦੀ ਚਿਰੋਕਣੀ ਲੋੜ ਸੀ। ਹੋ ਸਕਦੈ ਕੱਲ੍ਹ ਇਹ ਜਾਂ ਇਹੋ ਜਿਹੇ ਨਾਟਕ ਹੀ "ਪ੍ਰਵਾਸੀ ਪੰਜਾਬ ਨਾਟ ਸੰਸਾਰ" ਦੀ ਬੁਨਿਆਦ ਦੇ ਪੱਥਰ ਸਾਬਤ ਹੋਣ।

ਹਥਲੀ ਪੁਸਤਕ ਵਿੱਚ, "ਡਾਲਰਾਂ ਦੀ ਦੌੜ", "ਰੌਕੀ", "ਅਹਿਸਾਸ", "ਤਿੜਕਦੇ ਰਿਸ਼ਤੇ", ਤੇ "ਨਵੇਂ ਯੁੱਗ ਦੀ ਬਾਤ..." ਪੰਜ ਨਾਟਕ ਹਨ। ਸਾਰੇ ਹੀ ਨਾਟਕ ਯਥਾਰਥਕ ਸ਼ੈਲੀ ਵਿੱਚ ਹਨ ਅਤੇ ਨਾਟਕੀ ਟਕਰਾਵਾਂ ਨਾਲ ਭਰਪੂਰ ਹਨ। ਮਨੁੱਖੀ ਸਮਾਜ ਦੇ ਅੰਤਰ ਵਿਰੋਧਾਂ ਨੂੰ ਬਹੁਤ ਹੀ ਸਹਿਜਤਾ ਤੇ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ ਗਿਆ ਹੈ।

ਪ੍ਰਵਾਸ ਦੀਆਂ ਦੁਸ਼ਵਾਰੀਆਂ ਕਿਵੇਂ ਮਨੁੱਖ ਨੂੰ ਧੁਰ ਅੰਦਰ ਤੱਕ ਤੋੜ ਦਿੰਦੀਆਂ ਹਨ, ਕਿਵੇਂ ਸੱਭਿਆਚਾਰਕ ਟਰਕਾਅ, ਨਵੀਂ ਤੇ ਪੁਰਾਣੀ ਪੀੜ੍ਹੀ ਦੀ ਸੋਚ ਦਾ ਅੰਤਰ ਅਕਸਰ ਖਲਾਅ 'ਚ ਸਿਰਜੇ ਸੁਪਨਿਆਂ ਨੂੰ ਖੇਰੂੰ ਖੇਰੂੰ ਕਰ ਦਿੰਦਾ ਹੈ। ਇਹ ਨਾਟਕ ਇਸ ਦਾ ਪ੍ਰਮਾਣ ਦਿੰਦੇ ਹਨ।

ਸੈਂਕੜੇ ਪਾਪੜ ਵੇਲ ਕੇ ਲਿਆ "ਘਰ" ਅਕਸਰ ਮਕਾਨ ਹੀ ਬਣਿਆ ਰਹਿੰਦਾ ਹੈ। ਚੰਗਾ ਭਲਾ ਵਸਦਾ ਰਸਦਾ ਟੱਬਰ ਛੱਡ ਕੇ ਪ੍ਰਦੇਸੀਂ ਆਏ ਮਨੁੱਖ ਬਹੁਤੀ ਦੇਰ ਆਪਣਿਆਂ 'ਚ ਵੀ ਬੇਗਾਨਗੀ ਹੰਢਾਉਂਦੇ ਹਨ।

ਆਰਥਿਕ ਕਸਾਅ ਅਕਸਰ ਮਾਨਸਿਕ ਤਣਾਅ ਦੀ ਜਨਮ ਭੂਮੀ ਬਣਦਾ ਹੈ। ਪਤੀ, ਪਤਨੀ ਅਕਸਰ ਦਿਨ ਰਾਤ ਸਿਰ ਤੋੜ ਮਿਹਨਤ ਕਰਦਿਆਂ, ਆਪਣੇ ਆਪ ਤੋਂ ਵੀ ਟੁੱਟ ਜਾਂਦੇ ਹਨ।

ਅਜਿਹੀ ਸਥਿਤੀ ਅਕਸਰ ਪ੍ਰਵਾਸ ਭੋਗ ਰਹੇ ਮਰਦਾਂ ਨੂੰ ਨਸ਼ੇ ਦੇ ਸਾਮਰਾਜ ਦਾ ਜ਼ਰਖਰੀਦ ਗੁਲਾਮ ਬਣਾ ਧਰਦੀ ਹੈ। ਪੰਜਾਬੀ ਭਾਈਚਾਰੇ ਨੇ ਤਾਂ "ਸ਼ਰਾਬ" ਨੂੰ "ਦਾਰੂ" ਦਾ ਸਨਮਾਨਯੋਗ ਰੁਤਬਾ ਬਖਸ਼ਿਆ ਹੋਇਆ ਹੈ।

ਵਿਆਹ ਵਰਗੇ ਹੰਢਣਸਾਰ ਰਿਸ਼ਤੇ ਨੂੰ ਜਦੋਂ ਵੀ ਖਪਤ ਮੰਡੀ ਦੀ "ਡਿਸਪੋਜ਼ ਆਫ" ਜਾਂ "ਯੂਜ ਐਂਡ ਥਰੋ" ਰੁਚੀ ਤਹਿਤ, ਵੱਟਣ ਖੱਟਣ ਦੇ ਵਪਾਰਕ ਨਾਪ ਤੋਲ ਦੀ ਤੱਕੜੀ ਵਿੱਚ ਤੋਲਿਆ ਜਾਵੇਗਾ ਤਾਂ ਸਮਾਜਿਕ ਤੇ ਪ੍ਰੀਵਾਰਿਕ ਰਿਸ਼ਤੇ ਤਿੜਕਦੇ ਹੀ ਰਹਿਣਗੇ।

ਕੈਨੇਡਾ ਵਰਗੇ ਮੁਲਕਾਂ ਦੀ ਜ਼ਿੰਦਗੀ ਕਾਲਪਨਿਕ ਸੁਪਨ ਸੰਸਾਰ ਤੋਂ ਬਹੁਤ ਹੀ ਵੱਖਰੀ ਹੈ। ਸਖਤ ਮੁਸ਼ੱਕਤ ਭਰੀ। ਜੇ ਮੀਆਂ ਬੀਵੀ ਸਿਰ ਸੁੱਟ ਕੇ ਡਾਲਰ ਨਹੀਂ ਕਮਾਉਂਦੇ ਤਾਂ ਕਿਸ਼ਤਾਂ ਨਹੀਂ ਮੁੜਦੀਆਂ। ਘਰ ਤੇ ਹੋਰ ਸਹੂਲਤਾਂ ਹੱਥੋਂ ਖਿਸਕ ਜਾਣ ਦਾ ਖਤਰਾ

ਬਣਿਆ ਹੋਇਆ ਹੈ। ਜੇ ਡਾਲਰ ਕਮਾਉਂਦੇ ਹਨ ਤਾਂ "ਕੰਧਾਂ" ਜ਼ਰੂਰ ਬਚ ਜਾਂਦੀਆਂ ਹਨ ਪਰ ਅਕਸਰ ਔਲਾਦ ਕਿਧਰੇ ਧੁੰਦੂਕਾਰੇ 'ਚ ਗੁੰਮ ਹੋ ਜਾਂਦੀ ਹੈ। "ਰੌਕੀ" ਅਤੇ "ਡਾਲਰਾਂ ਦੀ ਦੌੜ" ਨਾਟਕਾਂ 'ਚ ਇਹ ਪੱਖ ਪ੍ਰਮੁੱਖ ਰੂਪ 'ਚ ਸਾਡੇ ਸਨਮੁੱਖ ਰੂਪਮਾਨ ਹੁੰਦਾ ਹੈ।

ਕੈਨੇਡੀਅਨ ਪੰਜਾਬੀ ਗਭਰੇਟਾਂ ਵਿੱਚ ਵਧ ਰਹੀ ਹਿੰਸਕ ਪ੍ਰਵਿਰਤੀ, ਗੈਂਗਵਾਰ ਆਦਿ ਸਾਡੀ ਕਮਿਉਨਿਟੀ ਲਈ ਡੂੰਘੀ ਚਿੰਤਾ ਦਾ ਵਾਇਸ ਹੈ।

"ਤਿੜਕਦੇ ਰਿਸ਼ਤੇ" ਮਨੁੱਖੀ ਸਮਾਜ ਅੰਦਰ ਜੀਵਨ ਦੀ ਸੁੱਚਤਾ ਨੂੰ ਲੱਗੇ ਖੋਰੇ ਦੀ ਦਾਸਤਾਨ ਹੈ। ਮੀਂਹ ਦੀਆ ਤੇਜ਼ ਵਾਛੜਾਂ ਵਿੱਚ, ਜਿਵੇਂ ਕੰਧ ਤੇ ਬਣਾਇਆ ਮਿੱਟੀ ਦਾ ਮੋਰ ਖੁਰਦਾ ਚਲਿਆ ਜਾਂਦਾ ਹੈ, ਉਵੇਂ ਸਮਾਜਿਕ ਰਿਸ਼ਤਿਆਂ ਦੀ ਸੁੱਚਤਾ ਦਿਨੋ ਦਿਨ ਖੁਰਦੀ ਜਾ ਰਹੀ ਹੈ। ਵਿਆਹ ਸ਼ਾਦੀ, ਕਿਸੇ ਬਾਰਾਂ ਟਾਹਣੀ ਖੇਡ ਦੀਆਂ ਗੀਟੀਆਂ ਡੁੱਕਣ ਜਾਂ ਬੋੜੇ ਖੂਹ ਦੇ ਸਾਰੇ ਕੋਨੇ ਮੱਲ ਕੇ ਆਤਮ ਸਮਰਪਣ ਕਰਵਾਉਣ ਵਰਗੀ ਕੋਈ ਗੇਮ ਨਹੀਂ ਹੁੰਦੀ। ਅਜਿਹੀ ਸੋਚ ਮਨੁੱਖੀ ਭਾਈਚਾਰੇ ਨੂੰ ਰਸਾਤਲ ਵੱਲ ਲੈ ਕੇ ਜਾਵੇਗੀ।

ਮਨੁੱਖੀ ਸੋਚ ਦੀ ਅਜੀਬ ਜਿਹੀ ਅੰਤਰਮੁਖਤਾ ਨੇ ਸਾਡੀ ਜ਼ਿੰਦਗੀ ਨੂੰ ਆਰਥਿਕ, ਸਮਾਜਿਕ, ਪ੍ਰੀਵਾਰਕ, ਸੱਭਿਆਚਾਰਕ ਗੁੰਝਲਾਂ ਦੀ "ਸੌਗਾਤ" ਦਿੱਤੀ ਹੈ। ਅਕਸਰ ਕਿਹਾ ਜਾਂਦਾ ਹੈ ਕਿ, "ਹੱਥਾਂ ਨਾਲ ਦਿੱਤੀਆਂ ਗੰਢਾਂ ਮੂੰਹ ਨਾਲ ਖੋਹਲਣੀਆਂ ਪੈਂਦੀਆਂ ਹਨ" ਸੋ ਇਹਨਾਂ ਦਾ ਅਸਲੀ ਹੱਲ ਤਾਂ ਸਮਾਜਿਕ ਸੰਸਕਾਰਾਂ/ਧਾਰਨਾਵਾਂ ਨੂੰ ਮੁੜ ਪ੍ਰਭਾਸ਼ਿਤ ਕਰਨ ਜਾਂ ਸਮਾਜਿਕ ਤਾਣੇ ਬਾਣੇ ਨੂੰ ਤਾਰਕਿਕ ਅਧਾਰ ਤੇ ਮੁੜ ਜਥੇਬੰਦ ਕਰਨ ਵਿੱਚ ਹੀ ਪਿਆ ਹੈ।

ਪ੍ਰੰਤੂ ਅਸਾਡੇ ਬਹੁਤੇ ਪ੍ਰਵਾਸੀ ਪੰਜਾਬੀ ਦਿੱਲੀ ਜਾਂ ਰਾਜਾਸਾਂਸੀ ਤੋਂ ਜਹਾਜ ਚੜ੍ਹਦੇ ਵਕਤ ਆਪਣੇ ਦਿਮਾਗਾਂ 'ਚ ਅੰਧ ਵਿਸ਼ਵਾਸ ਵਰਗੇ ਦਕੀਆਨੂਸੀ ਵਿਚਾਰ ਬਿਨਾਂ ਟਿਕਟੋਂ ਆਪਣੇ ਨਾਲ ਹੀ ਟੋਰਾਂਟੋ/ਵੈਨਕੂਵਰ ਆਦਿ ਏਅਰਪੋਰਟਾਂ ਤੇ ਲੈ ਉਤਰਦੇ ਹਨ। ਸਿੱਟੇ ਵਜੋਂ ਕਿਸੇ ਤਰ੍ਹਾਂ ਦਾ ਵੀ ਤਣਾਅ ਉਹਨਾਂ ਦੀ ਜ਼ਿੰਦਗੀ 'ਚ ਆਵੇ, ਖੁਦ ਨੂੰ ਨਿਹੱਥੇ ਮਹਿਸੂਸ ਕਰਦਿਆਂ "ਅੰਤਰਯਾਮੀ" ਕਹਾਉਂਦੇ ਚਲਾਕ ਢੌਂਗੀਆਂ ਸਾਹਵੇਂ ਝੱਟ ਆਤਮ ਸਮਰਪਣ ਕਰ ਦਿੰਦੇ ਹਨ। ਇਹ ਪਖੰਡੀ ਲੋਕ ਦੂਹਰੀ ਤੀਹਰੀ ਨਹੀਂ ਸਗੋਂ ਬਹੁਪਰਤੀ ਲੁੱਟ ਕਰਦੇ ਹਨ। ਹੁਣ ਇਸ ਘੁੱਪ ਹਨੇਰੇ ਦੇ ਪਸਾਰੇ ਦੇ ਖਿਲਾਫ਼ ਚਾਨਣ ਬਗਾਵਤ ਕਰ ਰਿਹੈ- "ਨਵੇਂ ਯੁੱਗ ਦੀ ਬਾਤ..." ਇਸੇ ਤਰ੍ਹਾਂ ਦੇ ਸਰੋਕਾਰਾਂ ਦਾ ਸਫਲ ਨਾਟਕ ਹੈ।

ਨਾਹਰ ਔਜਲਾ ਦੇ ਉੱਦਮ ਨੂੰ ਸਲਾਮ ਕਹਿਣੀ ਬਣਦੀ ਹੈ। ਨਾਹਰ ਹੁਰਾਂ ਮੈਨੂੰ ਇਸ ਪੁਸਤਕ ਨਾਲ ਜੋੜਿਆ- ਮੈਨੂੰ ਇਹ ਕੰਮ ਕਰਕੇ ਹਾਰਦਿਕ ਖੁਸ਼ੀ ਹੋਈ। ਪੁਸਤਕ

ਤੇ ਕੰਮ ਕਰਦਿਆਂ ਮੈਨੂੰ ਵਾਰ-ਵਾਰ ਇਹ ਅਹਿਸਾਸ ਹੁੰਦਾ ਰਿਹਾ ਜਿਵੇਂ ਮੈਂ ਕਿਸੇ ਮਹੱਤਵਪੂਰਨ ਘਟਨਾ ਦਾ ਚਸ਼ਮਦੀਦ ਗਵਾਹ ਬਣ ਰਿਹਾ ਹੋਵਾਂ।

ਮੇਰੀ ਖੁਸ਼ੀ ਇਸ ਗੱਲ ਕਰਕੇ ਵੀ ਦੂਹਰੀ ਹੋ ਗਈ ਕਿ ਨਾਹਰ ਔਜਲਾ, ਅਵਤਾਰ ਔਜਲਾ, ਬੇਟਾ ਵਿੱਕੀ, ਬੇਟੀ ਨਵੀ ਸਾਰੇ ਹੀ ਪ੍ਰੀਵਾਰ ਨੇ ਆਪਣਾ ਰੰਗਮੰਚੀ ਸਫਰ ਮੇਰੀ ਕੈਨੇਡਾ ਫੇਰੀ ਦੌਰਾਨ ਮੇਰੇ ਨਾਟਕ 'ਚ ਕੰਮ ਕਰਦਿਆਂ ਹੀ ਸ਼ੁਰੂ ਕੀਤਾ ਸੀ। ਸੋ ਮੈਂ ਇਸ ਪ੍ਰੀਵਾਰ ਦੀ ਨਿਸ਼ਠਾ, ਲਗਨ ਤੇ ਪ੍ਰਤੀਬੱਧਤਾ ਦਾ ਉਦੋਂ ਦਾ ਵੀ ਚਸ਼ਮਦੀਦ ਗਵਾਹ ਹਾਂ।

ਉਂਝ ਮੇਰਾ ਨਾਹਰ ਹੁਰਾਂ ਨਾਲ ਰਿਸ਼ਤਾ ਬਹੁਤ ਹੀ ਪੁਰਾਣਾ ਹੈ। ਉਦੋਂ ਉਹ ਅਜੇ ਨਾਹਰ ਸਿੰਘ ਨਸਰਾਲੀ ਹੁੰਦਾ ਸੀ। ਬੜੀਆਂ ਜਦੋ ਜਹਿਦਾਂ ਮੋਢਿਆਂ ਤੇ ਡਾਂਗਾਂ ਧਰ ਕੇ ਇਕੱਠਿਆਂ ਲੜੀਆਂ। ਬੜੇ ਅੰਤਰਯਾਮੀਆਂ ਦੇ ਚਿਹਰਿਆਂ ਤੋਂ ਇਕੱਠਿਆਂ ਨਕਾਬ ਲਾਹੇ...... ਖੈਰ ਲੰਬਾ ਇਤਿਹਾਸ ਹੈ। ਹੁਣ ਨਾਹਰ ਔਜਲਾ ਨੇ ਨਾਟਕਕਾਰੀ ਦੇ ਪਿੜ ਵਿੱਚ ਆਪਣਾ ਕਦਮ ਰੱਖਿਆ ਹੈ। ਸਾਬਤ ਕਦਮ। ਉਸਦੇ ਨਾਟਕ ਹਸਾਉਂਦੇ ਹਨ, ਰੁਆਉਂਦੇ ਹਨ, ਸੋਚਣ ਲਾਉਂਦੇ ਹਨ, ਮਨੁੱਖੀ ਸੰਵੇਦਨਾ ਨੂੰ ਝੰਜੋੜਦੇ ਹਨ, ਅਜਿਹਾ ਅਹਿਸਾਸ ਉਸਦੇ ਨਾਟਕਾਂ ਦੇ ਮੰਚਣ ਨੂੰ ਦੇਖਦਿਆਂ ਹਰ ਸੰਵੇਦਨਸ਼ੀਲ ਦਰਸ਼ਕ ਵਾਂਗ ਮੈਨੂੰ ਖੁਦ ਵੀ ਹੋਇਆ ਹੈ।

ਨਾਹਰ ਔਜਲਾ ਦੇ ਨਾਟਕਾਂ ਦਾ ਇੱਕ ਹਾਸਲ ਇਹ ਵੀ ਹੈ ਕਿ ਉਹ ਮੁੱਖ ਵਿਸ਼ੇ ਵਸਤੂ ਤੇ ਗੱਲ ਕਰਦਿਆਂ ਵੀ ਜਿੱਥੇ ਕਿਤੇ ਸੰਭਾਵਨਾ ਬਣਦੀ ਹੈ, ਉਸ ਨਾਲ ਅੰਤਰ ਸਬੰਧਿਤ ਵਰਤਾਰਿਆਂ ਤੇ ਤਿੱਖਾ ਵਿਅੰਗ ਤੇ ਟਿੱਪਣੀ ਕਰਦਾ ਜਾਂਦਾ ਹੈ। "ਬੁਸ਼" ਉਸ ਲਈ ਮੈਟਾਫਰ ਹੈ। "ਰਿਸੈਸ਼ਨ" ਬੁਸ਼ ਦੀਆਂ ਨੀਤੀਆਂ ਦਾ ਪ੍ਰਤੱਖ ਵਰਤਾਰਾ।

ਇਸ ਪੁਸਤਕ ਨੂੰ ਸੰਪਾਦਿਤ ਕਰਦਿਆਂ ਕੋਸ਼ਿਸ਼ ਤਾਂ ਇਹੀ ਕੀਤੀ ਗਈ ਹੈ ਕਿ ਪਾਠਕ ਇਸ ਨੂੰ ਪੜ੍ਹਦਿਆਂ ਉਕਤਾਵੇ ਨਾ, ਫਿਰ ਵੀ ਕੋਈ ਕਮੀ ਰਹਿ ਗਈ ਹੋਵੇ ਤਾਂ ਖਿਮਾ ਮੰਗਦਾ ਹਾਂ। ਉਂਝ ਮੇਰਾ ਪ੍ਰਭਾਵ ਹੈ ਕਿ ਉਪਰੋਕਤ ਪ੍ਰਸੰਗ ਵਿੱਚ ਜੇ ਇਹਨਾਂ ਨਾਟਕਾਂ ਨੂੰ ਪੜ੍ਹਿਆ, ਸਮਝਿਆ ਜਾਂ ਖੇਡਿਆ ਜਾਵੇਗਾ ਤਾਂ ਅਰਥ ਹੋਰ ਵਧੇਰੇ ਵਿਆਪਕ ਹੋਣਗੇ।

"ਡਾਲਰਾਂ ਦੀ ਦੌੜ" ਦੇ ਸਾਰੇ ਨਾਟਕ ਆਪਣੇ ਵਿਲੱਖਣ ਤੇ ਕੈਨੇਡਾ ਦੇ ਪੰਜਾਬੀ ਭਾਈਚਾਰੇ ਦੇ ਅੰਦਰਲੇ ਸੰਕਟਾਂ ਦੀ ਉਪਜ ਹਨ। ਸੋ ਪਾਠਕ ਇਹਨਾਂ ਨਾਟਕਾਂ ਰਾਹੀਂ ਆਮ ਪ੍ਰਚਲਿਤ ਧਾਰਨਾ ਤੋਂ ਹਟ ਕੇ ਇੱਕ ਹੋਰ ਕੈਨੇਡਾ ਦੇਖਣ ਸਕਣਗੇ।

ਪੁਸਤਕ ਦੇ ਅੰਤ ਤੇ ਅਸੀਂ "ਟੋਰਾਂਟੋ ਦੇ ਪੰਜਾਬੀ ਰੰਗਮੰਚ ਉੱਤੇ ਝਾਤ" ਪੁਆਈ ਹੈ, ਜਿਹੜੀ ਸ਼ਾਇਦ ਨਾਟਕ ਕਲਾ ਦੇ ਖੋਜਾਰਥੀਆਂ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਵਜੋਂ ਸਾਂਭੀ ਜਾਵੇ। ਅਕਸਰ ਕਿਹਾ ਜਾਂਦੈ ਕਿ ਅਸੀਂ ਪੰਜਾਬੀ ਇਤਿਹਾਸ

ਘੜਦੇ ਜ਼ਰੂਰ ਹਾਂ, ਪਰ ਕਦੇ ਸਾਂਭਦੇ ਨਹੀਂ।

"ਡਾਲਰਾਂ ਦੀ ਦੌੜ" ਨਾਹਰ ਔਜਲਾ ਹੁਰਾਂ ਦੇ ਨਾਟਕਾਂ ਦੀ ਪਲੇਠੀ ਪੁਸਤਕ ਹੈ। ਕੈਨੇਡਾ ਵਰਗੇ ਮੁਲਕ, ਜਿੱਥੇ ਮਨੁੱਖ, ਘੜੀ ਦੀਆਂ ਸੂਈਆਂ ਨਾਲ ਨੂੜਿਆ, ਚੌਵੀ ਘੰਟੇ ਕੋਹਲੂ ਦੇ ਬੈਲ ਦੀ ਤਰ੍ਹਾਂ ਘੁੰਮੀ ਜਾ ਰਿਹਾ ਹੋਵੇ, ਉਥੋਂ ਦੇ ਮਾਹੌਲ ਚੋਂ ਨਾਹਰ ਔਜਲਾ ਸਮੇਤ ਸਾਰੇ ਰੰਗਕਰਮੀ, ਜਿਹਨਾਂ ਚੋਂ ਬਹੁਤਿਆਂ ਦੇ ਨਾਮ ਇਸ ਪੁਸਤਕ ਵਿਚ ਅਦਬ ਨਾਲ ਲਿਖੇ ਗਏ ਹਨ। ਸਾਡੇ ਸਤਿਕਾਰ ਦੇ ਪਾਤਰ ਹਨ।

ਪੰਜਾਬ ਦੇ ਪ੍ਰਤੀਬੱਧ ਸੱਭਿਆਚਾਰਕ ਤੇ ਰੰਗਮੰਚੀ ਕਾਮਿਆਂ ਦੀ ਪ੍ਰਤੀਨਿਧ ਸੰਸਥਾ ਹੈ- ਪੰਜਾਬ ਲੋਕ ਸੱਭਿਆਚਾਰ ਮੰਚ (ਪਲਸ ਮੰਚ)। ਮੈਂ ਇਸ ਦੀ ਸੂਬਾ ਕਮੇਟੀ 'ਚ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਕੋਈ ਨਾ ਕੋਈ ਜਿੰਮੇਵਾਰੀ ਨਿਭਾਉਂਦਾ ਆ ਰਿਹਾ ਹਾਂ। ਇਹ ਸਬੱਬ ਹੀ ਹੈ ਕਿ ਜਿਸ ਪਿੰਡ ਨਸਰਾਲੀ ਵਿੱਚ ਨਾਹਰ ਔਜਲਾ ਦਾ ਜਨਮ ਹੋਇਆ- ਉਸੇ ਹੀ ਪਿੰਡ ਵਿਚ ਗੁਰਸ਼ਰਨ ਸਿੰਘ ਹੁਰਾਂ ਦੀ ਅਗਵਾਈ 'ਚ ਪਲਸ ਮੰਚ ਦਾ ਜਨਮ ਹੋਇਆ ਸੀ। ਉਸੇ ਹੀ ਪਲਸ ਮੰਚ ਦੇ ਪਹਿਲੀ ਮਈ 2011 ਦੇ ਸੂਬਾਈ ਸਮਾਗਮ ਵਿੱਚ ਪੰਜਾਬੀ ਭਵਨ ਲੁਧਿਆਣਾ ਵਿਖੇ ਹਜ਼ਾਰਾਂ ਹੀ ਲੋਕ ਸੱਭਿਆਚਾਰ ਦੇ ਹਿਤੈਸ਼ੀਆਂ ਦੀ ਹਾਜ਼ਰੀ ਵਿੱਚ ਇਹ ਪੁਸਤਕ ਰਿਲੀਜ਼ ਕੀਤੀ ਗਈ ਹੈ।

ਆਸ ਕਰਦਾ ਹਾਂ ਕਿ ਸੁਹਿਰਦ ਪਾਠਕ ਇਸ ਪੁਸਤਕ ਬਾਰੇ ਸਾਰਥਿਕ ਸੰਵਾਦ ਰਚਾਉਣਗੇ। ਵਿਦਵਾਨ ਸੱਜਣ ਵੱਡਮੁੱਲੇ ਸੁਝਾਅ ਦੇਣਗੇ।

ਸਾਰਿਆਂ ਨੂੰ ਖੁਸ਼ਆਮਦੀਦ ਹੈ

**ਪਤਾ: ਵਾਰਡ ਨੰ: 13, ਭਗਵਾਨਪੁਰਾ ਰੋਡ**

**ਸਮਰਾਲਾ (ਜ਼ਿਲ੍ਹਾ ਲੁਧਿਆਣਾ)**

**ਮੋਬਾਇਲ ਨੰ: 94632-03360**

**Email: tarlochansingh12@gmail.com**

# *ਪੰਜ ਫੁੱਲਾਂ ਦਾ ਗੁਲਦਸਤਾ*

ਬਰਫ਼ ਦੇ ਉੱਚੇ ਪਹਾੜਾਂ, ਗਲੇਸ਼ੀਅਰਾਂ ਦੇ ਧੁਰ ਪਤਾਲ ਅੰਦਰ ਵੀ ਜਵਾਲਾਮੁਖੀ ਹੁੰਦੇ ਹਨ। ਇਹਨਾਂ ਦੀ ਤਪਸ਼ ਨੂੰ ਕਦੇ ਵੀ ਗਲੇਸ਼ੀਅਰ ਠੰਢਾ ਨਹੀਂ ਕਰ ਸਕਦੇ। ਜਿਨ੍ਹਾਂ ਨੇ ਸਮਾਜਕ ਯਥਾਰਥ ਅਤੇ ਧੁਖ਼ਦੇ ਅਰਮਾਨਾਂ ਦੀ ਭੱਠੀ ਆਪਣੇ ਮਾਪਿਆਂ, ਆਪਣੇ ਸਮਾਜ ਦੇ ਲੋਕਾਂ ਦੇ ਸੀਨਿਆਂ ਅੰਦਰ ਮਘਦੀ ਅਤੇ ਭਖ਼ਦੀ ਹੰਢਾਈ ਹੋਵੇ, ਉਨ੍ਹਾਂ ਘਰਾਂ ਦੇ ਚੁੱਲ੍ਹਿਆਂ 'ਚ ਕੁਲੈਹਣੀ ਸਥਾਪਤੀ ਜਿੰਨੇ ਮਰਜ਼ੀ ਹੜ੍ਹਾਂ ਦਾ ਵੇਗ ਧੱਕਦੀ ਰਹੇ ਉਹਨਾਂ ਦੀਆਂ ਸੋਚਾਂ 'ਚ ਬਲ਼ਦੀ ਭੱਠੀ ਕਦੇ ਠੰਢੀ ਨਹੀਂ ਹੋ ਸਕਦੀ।

ਜਿਨ੍ਹਾਂ ਨੇ ਆਰਥਕ ਤੰਗੀਆਂ ਦਾ ਭੱਠ ਝੋਕਿਆ ਹੋਵੇ ਉਹ ਆਪਣੇ ਧੁਆਂਖੇ ਸੁਪਨਿਆਂ ਦੀ ਰਾਖ 'ਚੋਂ ਸ਼ਬਦਾਂ ਦੀ ਢਲਾਈ ਕਰਦੇ ਹਨ। ਮਨ ਦੇ ਕੋਰੇ ਕਾਗਜ਼ 'ਤੇ ਇਹਨਾਂ ਸ਼ਬਦਾਂ ਦੀ ਇਬਾਰਤ ਲਿਖਦੇ ਹਨ। ਸੁਖਾਂਤ ਅਤੇ ਦੁਖਾਂਤ ਦੇ ਮੋੜ-ਘੋੜ ਹਰ ਪਲ, ਹਰ ਇਨਸਾਨ ਦੀ ਅਗਨ-ਪ੍ਰੀਖਿਆ ਲੈਂਦੇ ਹਨ। ਜਿਹੜੇ ਮੁਸ਼ੱਕਤਾਂ ਅਤੇ ਮੁਸ਼ਕਲਾਂ ਭਰੀਆਂ ਘੜੀਆਂ 'ਚ ਅਡੋਲ ਰਹਿੰਦੇ ਹਨ ਉਹ ਕਈ ਵਾਰ ਸੁਖਾਂਤ ਦੀਆਂ ਵਾਦੀਆਂ 'ਚ ਗੁਆਚ ਜਾਂਦੇ ਹਨ।

ਜਿਹੜੇ ਆਪਣੇ ਵਤਨ ਦੀ ਮਿੱਟੀ ਦੀ ਮੁੱਠ ਕਲੇਜੇ ਲਾ ਕੇ ਨਵੀਆਂ ਬਹਾਰਾਂ ਲਿਆਉਣ ਦੇ ਨਗਮੇ ਗਾਉਂਦੇ ਹਨ, ਉਹ ਆਪਣੀ ਹੀ ਮਾਂ ਧਰਤੀ 'ਤੇ ਰੁਪਈਆਂ ਅਤੇ ਵਤਨੋਂ ਦੂਰ ਦੀ ਧਰਤੀ 'ਤੇ 'ਡਾਲਰਾਂ ਦੀ ਦੌੜ' 'ਚ ਗੁਆਚ ਜਾਂਦੇ ਹਨ। ਖ਼ਾਸ ਕਰਕੇ ਉਹਨਾਂ ਸੂਰਜਾਂ ਦੇ ਸੰਗੀਆਂ ਦੀ ਵੇਦਨਾ ਜ਼ਿਆਦਾ ਪੀੜ ਮਈ ਹੁੰਦੀ ਹੈ ਜਿਹੜੇ ਨਵੇਂ-ਯੁੱਗ ਦਾ ਲੋਕਾਈ ਨੂੰ ਅਤਾ ਪਤਾ ਦੱਸਦੇ-ਦੱਸਦੇ ਪ੍ਰਦੇਸੀ ਹੋ ਕੇ ਆਪਣੇ ਵੀ ਘਰਾਂ ਦਾ ਸਿਰਨਾਵਾਂ ਭੁੱਲ ਜਾਂਦੇ ਹਨ।

ਸਾਡੇ ਲਈ ਮਾਣ-ਮੱਤੀ ਗੱਲ ਹੈ ਕਿ ਮੇਰਾ ਨਜ਼ਦੀਕੀ ਨਾਤੇਦਾਰ, ਤਿੰਨ ਦਹਾਕਿਆਂ ਤੋਂ ਵੀ ਵੱਧ ਅਰਸੇ ਦਾ ਸੰਗੀ-ਸਾਥੀ ਨਾਹਰ ਸਿੰਘ ਔਜਲਾ ਨਾ ਆਪਣਾ ਸਿਰਨਾਵਾਂ ਭੁੱਲਿਆ ਹੈ, ਨਾ ਹੀ ਦੁਖਾਂਤ ਅਤੇ ਸੁਖਾਂਤ ਦਾ ਕੋਈ ਦੌਰ ਉਸ ਦੇ ਸੁਹਜ-ਸੁਪਨਿਆਂ ਦੀ ਹੱਤਿਆ ਕਰ ਸਕਿਆ ਹੈ। ਇਸਦਾ ਪ੍ਰਮਾਣ ਉਸਦੀਆਂ ਕੈਨੇਡਾ ਅੰਦਰ ਗੀਤੀਵਿਧੀਆਂ ਅਤੇ **'ਡਾਲਰਾਂ ਦੀ ਦੌੜ'** ਨਾਟ-ਸੰਗ੍ਰਹਿ ਦਾ ਵਸੀਅਤਨਾਮਾ ਹੈ। ਉਸਦੇ ਕੈਨੇਡਾ 'ਚ ਬਹੁ-ਪੱਖੀ ਕਾਰਜ਼ ਖੇਤਰ ਦਾ ਕੈਨਵਸ ਕਾਫੀ ਵਸੀਹ ਹੈ। 'ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ-2007' ਸਮੇਂ ਜਦੋਂ ਮੈਂ ਕੈਨੇਡਾ ਦੇ ਤਿੰਨ ਸ਼ਹਿਰਾਂ ਵਿਨੀਪੈਗ, ਵੈਨਕੋਵਰ ਅਤੇ ਟੋਰਾਂਟੋ 'ਚ ਹੋਏ ਸਮਾਗਮਾਂ ਨੂੰ ਸੰਬੋਧਤ ਹੋਇਆ ਅਤੇ ਪਰਿਵਾਰਾਂ ਨੂੰ ਮਿਲਿਆ ਤਾਂ ਉਨ੍ਹਾਂ ਦੇ ਮਨਾਂ ਉਪਰ ਨਾਹਰ ਸਿੰਘ ਔਜਲਾ ਦੇ ਨਾਟਕਾਂ ਦੀ ਅਮਿਟ ਛਾਪ ਪੜ੍ਹਨ ਦਾ ਮੌਕਾ ਮਿਲਿਆ।

ਉਨ੍ਹਾਂ ਘਰਾਂ 'ਚ ਪਰਿਵਾਰਾਂ ਨਾਲ ਨਾਹਰ ਔਜਲਾ ਦੇ ਨਾਟਕਾਂ ਬਾਰੇ ਵਿਚਾਰ ਕਰਦਿਆਂ ਮੇਰਾ ਇਹ ਵਿਚਾਰ ਹੋਰ ਪਰਪੱਕ ਹੋ ਗਿਆ ਕਿ ਆਪਣੇ ਲੋਕ ਜੀਵਨ ਦੀਆਂ ਤਲਖ਼ ਹਕੀਕਤਾਂ ਨਾਲ ਜੁੜਿਆ ਰੰਗਮੰਚ, ਲੋਕਾਂ ਦੀਆਂ ਅਣਛੋਹੀਆਂ ਸੰਵੇਦਨਸ਼ੀਲ

ਪਰਤਾਂ ਉਪਰ ਗਹਿਰੀ ਅਤੇ ਅਭੁੱਲ ਦਸਤਕ ਦਿੰਦਾ ਹੈ।

ਹਿਚਕਚਾਹਟ ਅਤੇ ਯਕਦੇ ਯਕਾਉਂਦੇ ਅੰਦਾਜ਼ ਉਪਰੰਤ ਨਾਹਰ ਔਜਲਾ ਦਾ ਪੰਜ ਨਾਟਕਾਂ 'ਡਾਲਰਾਂ ਦੀ ਦੌੜ', 'ਰੌਕੀ', 'ਤਿੜਕਦੇ ਰਿਸ਼ਤੇ', 'ਅਹਿਸਾਸ' ਅਤੇ 'ਨਵੇਂ ਯੁੱਗ ਦੀ ਬਾਤ...' ਨੂੰ ਨਾਟ-ਸੰਗ੍ਰਹਿ ਦੀ ਕਿਤਾਬੀ ਸ਼ਕਲ 'ਚ ਨਾਟ ਸਾਹਿਤ ਦੀ ਝੋਲੀ ਪਾਉਣਾ ਸ਼ਲਾਘਾਯੋਗ ਉੱਦਮ ਹੈ। ਮੇਰੇ ਸਾਥੀ ਮਾਸਟਰ ਤਰਲੋਚਨ ਨੇ ਇਨ੍ਹਾਂ ਨਾਟਕਾਂ ਦੀ ਉਸਾਰੂ ਦ੍ਰਿਸ਼ਟੀ ਤੋਂ ਬਾਖ਼ੂਬ ਤਫ਼ਸੀਲ ਦਾ ਸਮੀਖਿਅਕ ਵਰਨਣ, ਅਮੁੱਲੇ ਸੁਝਾਵਾਂ ਅਤੇ ਰਾਵਾਂ ਨਾਲ ਸੰਪਾਦਕੀ 'ਚ ਕੀਤਾ ਹੈ। ਇਨ੍ਹਾਂ ਉੱਪਰ ਹਥਲੇ ਸਫੇ 'ਤੇ ਮੈਂ ਹੋਰ ਵਿਸਥਾਰ ਦੀ ਲੋੜ ਨਹੀਂ ਮਹਿਸੂਸਦਾ। ਸਿਰਫ ਐਨੀ ਕੁ ਟਿੱਪਣੀ ਜ਼ਰੂਰ ਮਹਿਸੂਸ ਹੁੰਦੀ ਹੈ ਕਿ ਜਿਸ ਤਰ੍ਹਾਂ ਦੇ ਸਾਡੇ ਇਰਦ ਗਿਰਦ ਪਰਿਕਰਮਾ ਕਰਦੇ ਮੁੱਦਿਆਂ ਨੂੰ ਨਾਟਕੀ ਵਿਧਾ 'ਚ ਢਾਲ ਕੇ ਉਨ੍ਹਾਂ ਦਾ ਮੰਚਣ ਵੀ ਕੀਤਾ ਗਿਆ ਹੈ ਇਹ ਸਿਰਫ ਕੈਨੇਡਾ ਜਾਂ ਹੋਰਨਾਂ ਮੁਲਕਾਂ ਦਾ ਹੀ ਨਹੀਂ ਸਾਡੇ ਇਥੋਂ ਦੇ ਰੰਗ ਮੰਚ ਦੇ ਸਰੋਕਾਰਾਂ ਨਾਲ ਜੁੜਿਆ ਮਾਮਲਾ ਵੀ ਹੈ ਕਿ ਮਿੱਟੀ ਨਾਲ ਜੁੜਿਆ ਰੰਗ ਮੰਚ ਕਿੰਨ੍ਹਾ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਹੁੰਦਾ ਹੈ।

ਨਾਹਰ ਸਿੰਘ ਔਜਲਾ ਸਾਡਾ ਤਾਂ ਹਮੇਸ਼ਾ ਨਾਹਰ ਸਿੰਘ ਨਸਰਾਲੀ ਹੀ ਰਹੇਗਾ। ਇਸ ਸਫ਼ਰ 'ਚ ਲੋਕ ਸੰਗਰਾਮ ਅਤੇ ਲੋਕ ਰੰਗ ਮੰਚ ਜੋੜੇ ਹਨ। ਮੈਂ ਅਤੇ ਗੁਰਸ਼ਰਨ ਭਾਜੀ ਨਾਟਕਾਂ ਦੀ ਮੁਹਿੰਮ ਤੇ ਨਿਕਲੇ ਹੋਏ ਇਕ ਦਿਨ ਮਲੇਰਕੋਟਲੇ ਮੁਲਤਾਨੀ ਦੇ ਢਾਬੇ 'ਤੇ ਇਕੱਠੇ ਹੋਏ। ਸਾਂਝਾ ਰੰਗ ਮੰਚ ਉਸਾਰਨ 'ਤੇ ਵਿਚਾਰਾਂ ਹੋਈਆਂ। ਇਸ ਦੇ ਨਤੀਜੇ ਵਜੋਂ 14 ਮਾਰਚ 1982 ਨੂੰ ਨਸਰਾਲੀ ਪਿੰਡ 'ਚ ਪੰਜਾਬ ਲੋਕ ਸਭਿਆਚਾਰਕ ਮੰਚ 'ਪਲਸ ਮੰਚ' ਦੀ ਅਧਾਰਸ਼ਿਲਾ ਰੱਖੀ ਗਈ। ਇਸ ਮੰਚ ਦੀ ਉਸਾਰੀ ਅਤੇ ਸ਼ਾਨਾਮੱਤੇ ਸਫਰ ਬਾਰੇ ਹਥਲੇ ਪੰਨਿਆਂ 'ਤੇ ਚਰਚਾ ਨਹੀਂ ਹੋ ਸਕਦੀ, ਇਸ ਮੰਚ ਦੀਆਂ ਹੋਰਨਾਂ ਪ੍ਰਾਪਤੀਆਂ ਸਮੇਤ ਸਾਡਾ ਨਾਹਰ ਸਿੰਘ ਔਜਲਾ ਉਸੇ ਲੜੀ ਦਾ ਨਗੀਨਾ ਹੈ ਜਿਹੜਾ ਪ੍ਰਤੀਬੱਧਤ ਰੰਗ ਮੰਚ ਦੀ ਕਾਰਜਸ਼ੈਲੀ ਦਾ ਵਫ਼ਾਦਾਰ ਕਾਮਾ ਹੈ।

ਪਿੰਡ ਨਸਰਾਲੀ 'ਚ ਲਾਏ ਪਲਸ ਮੰਚ ਦੇ ਬਗੀਚੇ ਦੇ ਪੰਜ ਫੁੱਲਾਂ ਦਾ ਗੁਲਦਸਤਾ ਹੈ ਨਾਟ-ਸੰਗ੍ਰਹਿ। ਇਹ ਲੋਕ-ਪੱਖੀ ਰੰਗ ਮੰਚ ਦੇ ਵਿਹੜੇ ਨੂੰ ਮਹਿਕਾਉਂਦਾ ਰਹੇਗਾ, ਇਹ ਸਾਡਾ ਵਿਸ਼ਵਾਸ ਹੈ। ਇਸ ਆਸ ਨਾਲ ਉਸ ਦੇ ਨਾਟ-ਸੰਗ੍ਰਹਿ 'ਡਾਲਰਾਂ ਦੀ ਦੌੜ' ਨੂੰ ਖੁਸ਼-ਆਮਦੀਦ!

ਪਲਸ ਮੰਚ ਦਾ ਪਰਿਵਾਰ ਅਤੇ ਸਾਹਿਤਕਾਰਾਂ, ਲੇਖਕਾਂ, ਚਿੰਤਕਾਂ, ਕਵੀਆਂ ਅਤੇ ਸਭਿਆਚਾਰਕ ਕਾਮਿਆਂ ਸਮੇਤ ਹਜ਼ਾਰਾਂ ਮਿਹਨਤਕਸ਼ ਲੋਕਾਂ ਨਾਲ ਭਰਿਆ ਪੰਜਾਬੀ ਭਵਨ ਦਾ ਬਲਰਾਜ ਸਾਹਨੀ ਯਾਦਗਾਰੀ ਖੁੱਲ੍ਹਾ ਰੰਗ ਮੰਚ 'ਡਾਲਰਾਂ ਦੀ ਦੌੜ' ਨਾਟ-ਸੰਗ੍ਰਹਿ ਦਾ ਮੱਥਾ ਚੁੰਮਦਿਆਂ ਅਥਾਹ ਖੁਸ਼ੀ ਅਤੇ ਆਪਣੇ ਨਾਹਰ 'ਨਸਰਾਲੀ' 'ਤੇ ਮਾਣ ਮਹਿਸੂਸ ਕਰਦਾ ਹੈ।

**-ਅਮੋਲਕ ਸਿੰਘ:** 94170-76735
**amolaksinghlmp@yahoo.com**

**ਕੁਝ ਲੇਖਕ ਵਲੋਂ**

## *ਡਾਲਰਾਂ ਦੀ ਦੌੜ - ਮੰਚਣ ਤੋਂ ਪੁਸਤਕ ਤੱਕ ਦਾ ਸਫਰ*

ਇਹ ਮੇਰੇ ਨਾਟਕਾਂ ਦੀ ਪਲੇਠੀ ਪੁਸਤਕ ਹੈ। ਇਹ ਨਾਟਕ ਲਿਖਣ ਸਮੇਂ ਮੇਰੇ ਮਨ ’ਚ ਕੋਈ ਇਸ ਕਿਸਮ ਦੀ ਯੋਜਨਾ ਨਹੀਂ ਸੀ ਕਿ ਮੈਂ ਇਨ੍ਹਾਂ ਨੂੰ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਉਣਾ ਹੈ। ਵਿਦਿਆਰਥੀ ਜੀਵਨ ਸਮੇਂ ਸਾਹਿਤ ਰਚਨਾ ਵੱਲ ਮੇਰੀ ਕੋਈ ਖਾਸ ਰੁਚੀ ਨਹੀਂ ਸੀ, ਹਾਂ ਵਧੀਆ ਸਾਹਿਤ ਪੜ੍ਹਨ ਦਾ ਸ਼ੌਕ ਜ਼ਰੂਰ ਸੀ।

ਹਮ ਖਿਆਲ ਦੋਸਤਾਂ ਨਾਲ ਮਿਲ ਕੇ ਸਭਿਆਚਾਰਕ ਸਰਗਰਮੀਆਂ ਕਰਵਾਉਣੀਆਂ ਮੈਂ ਉਦੋਂ ਤੋਂ ਸ਼ੁਰੂ ਕਰ ਦਿੱਤੀਆਂ ਸਨ ਜਦੋਂ ਮੈਂ ਅਜੇ ਕਾਲਜ ਦੇ ਪਹਿਲੇ ਸਾਲ ਦਾ ਹੀ ਵਿਦਿਆਰਥੀ ਸਾਂ। 1979 ਦੇ ਕਰੀਬ ਮੇਰੇ ਆਪਣੇ ਪਿੰਡ ‘ਨਾਟਕ ਕਲਾ ਕੇਂਦਰ ਨਸਰਾਲੀ’ ਦੀ ਟੀਮ ਬਣੀ ਤੇ ਮੈਂ ਵੀ ਕਦੀ ਕਦਾਈਂ ਉਸ ਟੀਮ ਵਿਚ ਹਿੱਸਾ ਲੈ ਲੈਂਦਾ ਸੀ। ਸ. ਗੁਰਸ਼ਰਨ ਸਿੰਘ ਦੇ ਨਾਟਕ ਮੈਨੂੰ ਬਹੁਤ ਪਸੰਦ ਸਨ ਤੇ ਉਨ੍ਹਾਂ ਨਾਟਕਾਂ ਨੂੰ ਮੈਂ ਬਹੁਤ ਸਾਰੇ ਪਿੰਡਾਂ ’ਚ ਕਰਵਾਇਆ ਵੀ।

1987 ’ਚ ਮੈਂ ਕੈਨੇਡਾ ਦੇ ਸ਼ਹਿਰ ਟਰਾਂਟੋ ਆ ਵਸਿਆ। ਇਥੇ ਆ ਕੇ ਮੈਂ ਦੇਖਿਆ ਕਿ ਲੋਕ ਜੋ ਸੁਪਨੇ ਕੈਨੇਡਾ ਨੂੰ ਆਉਣ ਸਮੇਂ ਆਪਣੇ ਮਨਾਂ ’ਚ ਵਸਾ ਕੇ ਲੈ ਕੇ ਆਉਂਦੇ ਹਨ, ਇਸ ਧਰਤੀ ’ਤੇ ਪੈਰ ਟਿਕਾਉਂਦਿਆਂ ਹੀ ਉਹ ਸੁਪਨੇ ਕੱਚ ਵਾਂਗ ਤਿੜਕਣੇ ਸ਼ੁਰੂ ਹੋ ਜਾਂਦੇ ਹਨ। ਮਿਹਨਤੀ ਲੋਕਾਂ ਨੂੰ ਇਥੇ ਵੀ ਅਨੇਕਾਂ ਹੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਵਾਸੀ ਪੰਜਾਬੀ ਭਾਵੇਂ ਲੰਮਾ ਸਮਾਂ ਹੱਡ ਭੰਨਵੀਂ ਮਿਹਨਤ ਕਰਕੇ ਆਪਣੇ ਆਪ ਨੂੰ ਆਰਥਿਕ ਤੌਰ ’ਤੇ ਕੁਝ ਸੌਖਿਆਂ ਕਰ ਵੀ ਲੈਣ। ਪਰ ਫੇਰ ਵੀ ਬਹੁਤ ਸਾਰੀਆਂ ਮਾਨਸਿਕ ਪ੍ਰੇਸ਼ਾਨੀਆਂ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ। ਮੈਂ ਵੀ ਇਸ ਤਰਾਸਦੀ ਨੂੰ ਆਪਣੇ ਪਿੰਡੇ ’ਤੇ ਹੰਢਾਇਆ। ਬੁਰਜੂਆ ਪ੍ਰਬੰਧ ਦੀਆਂ ਪੈਦਾ ਕੀਤੀਆਂ ਇਨ੍ਹਾਂ ਬੁਰਾਈਆਂ ਦੇ ਹੱਲ ਲਈ ਲੰਮਾ ਸਮਾਂ ਜਥੇਬੰਦਕ ਸੰਘਰਸ਼ ਕਰਦਿਆਂ ਜੂਝਿਆ ਵੀ। ਮਿਹਨਤੀ ਲੋਕਾਂ ਦੇ ਦੁੱਖਾਂ ਦਰਦਾਂ ਨਾਲ ਸਬੰਧਤ ਵਿਸ਼ਿਆਂ ’ਤੇ ਕੁਝ ਸਕਿੱਟਾਂ ਵੀ ਲਿਖੀਆਂ ਜਿਨ੍ਹਾਂ ਦਾ ਸਭਿਆਚਾਰਕ ਪ੍ਰੋਗਰਾਮ ਸਮੇਂ ਸਟੇਜ ’ਤੇ ਮੰਚਨ ਵੀ ਕੀਤਾ। ਇਨ੍ਹਾਂ ਸਕਿੱਟਾਂ ਨੂੰ ਦਰਸ਼ਕਾਂ ਵੱਲੋਂ ਬੜਾ ਹੀ ਹਾਂ ਪੱਖੀ ਹੁੰਗਾਰਾ ਮਿਲਿਆ।

1995 ਤੇ 1997 ’ਚ ਸ. ਗੁਰਸ਼ਰਨ ਸਿੰਘ ਆਪਣੀ ਟੀਮ ਨਾਲ ਪੂਰੇ ਕੈਨੇਡਾ ਭਰ ’ਚ ਨਾਟਕ ਕਰਨ ਲਈ ਆਏ ਤੇ ਕੁਝ ਦਿਨਾਂ ਲਈ ਸਾਡੇ ਘਰ ਵੀ ਠਹਿਰੇ। 1997 ’ਚ ਤਾਂ ਉਨ੍ਹਾਂ ਦੀ ਟੀਮ ਨਾਲ ਨਾਟਕਕਾਰ ਮਾਸਟਰ ਤਰਲੋਚਨ ਸਿੰਘ ਵੀ ਆਪਣਾ ਇਕ ਬੜਾ ਹੀ ਚਰਚਿਤ ਨਾਟਕ ‘ਦੇਵ ਪੁਰਸ਼ ਹਾਰ ਗਏ’ ਲੈ ਕੇ ਆਏ ਸਨ। ਉਸ ਸਮੇਂ ਮੈਨੂੰ ਵੀ ਇਸ ਨਾਟਕ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ। ਮੇਰੀ ਜੀਵਨ ਸਾਥਣ ਅਵਤਾਰ ਔਜਲਾ ਨੇ ਤਾਂ ‘ਨਵਾਂ ਜਨਮ’ ਤੇ ਮਾਸਟਰ ਜੀ ਦੇ ਨਾਟਕ ਵਿਚ ਕੈਨੇਡਾ ਦੇ ਸਾਰੇ ਹੀ ਸ਼ੋਆਂ ਵਿਚ ਹਿੱਸਾ ਲਿਆ ਸੀ। ਇਸ ਨਾਟਕ ਵਿਚ ਹਿੱਸਾ ਲੈਣ ਤੋਂ ਬਾਅਦ ਮੈਨੂੰ ਕਾਫ਼ੀ ਹੌਸਲਾ ਮਿਲਿਆ ਤੇ ਮੈਂ ਉਸ ਤੋਂ ਬਾਅਦ ਆਪਣਾ ਪਹਿਲਾ ਨਾਟਕ

'ਅਹਿਸਾਸ' ਲਿਖਿਆ। ਇਹ ਨਾਟਕ ਉਨ੍ਹਾਂ ਪ੍ਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਨਾਲ ਸਬੰਧਤ ਹੈ ਜਿਹੜੇ ਸ਼ਰਾਬ ਪੀਣ ਕਾਰਨ ਅਲਕੋਹਲਿਕ ਹੋ ਜਾਂਦੇ ਹਨ ਤੇ ਕੈਨੇਡਾ ਦੇ ਸਖ਼ਤ ਕਾਨੂੰਨਾਂ ਅਧੀਨ ਚਾਰਜ ਹੋ ਜਾਂਦੇ ਹਨ। ਆਪਣੇ ਬੱਚਿਆਂ ਜਾਂ ਆਪਣੀਆਂ ਪਤਨੀਆਂ ਨੂੰ ਕੁੱਟਣ ਮਾਰਨ ਦੇ ਕੇਸਾਂ 'ਚ ਫਸ ਜਾਂਦੇ ਹਨ।

ਮੇਰਾ ਦੂਜਾ ਨਾਟਕ 'ਡਾਲਰਾਂ ਦੀ ਦੌੜ' ਜਿਹੜਾ ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜਿਹੜੇ ਡਾਲਰ ਇਕੱਠੇ ਕਰਨ ਲਈ ਦਿਨ ਰਾਤ ਇਕ ਕਰ ਦਿੰਦੇ ਹਨ ਤੇ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਵੱਲ ਉਚੇਚਾ ਧਿਆਨ ਨਹੀਂ ਦੇ ਸਕਦੇ ਤੇ ਬੱਚੇ ਡਰੱਗ ਜਾਂ ਹਿੰਸਕ ਗਤੀਵਿਧੀਆਂ ਵਿਚ ਸ਼ਾਮਲ ਹੋ ਜਾਂਦੇ ਹਨ। ਤੀਜਾ ਨਾਟਕ 'ਤਿੜਕਦੇ ਰਿਸ਼ਤੇ' ਜਿਹੜਾ ਉਨ੍ਹਾਂ ਲੋਕਾਂ ਬਾਰੇ ਹੈ ਜਿਹੜੇ ਲੋਕਾਂ ਨੇ ਆਪਣੇ ਸਕੇ-ਸਬੰਧੀਆਂ ਨੂੰ ਕੈਨੇਡਾ ਬੁਲਾਉਣ ਲਈ ਜਾਂ ਇਸ ਨੂੰ ਧੰਦਾ ਬਣਾ ਕੇ ਵਿਆਹ ਵਰਗੇ ਪਵਿੱਤਰ ਰਿਸ਼ਤਿਆਂ ਵਿਚ ਵਿਗਾੜ ਪੈਦਾ ਕਰ ਦਿੱਤਾ ਹੈ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਸ਼ਰਮਨਾਕ ਹੱਦ ਤੱਕ ਗਿਰਾ ਦਿੱਤਾ ਹੈ। ਮੇਰੇ ਚੌਥੇ ਨਾਟਕ 'ਰੌਕੀ' ਦੀ ਕਹਾਣੀ ਉਨ੍ਹਾਂ ਨੌਜਵਾਨਾਂ ਨਾਲ ਜੁੜੀ ਹੋਈ ਹੈ ਜਿਹੜੇ ਸਿਸਟਮ ਦੀਆਂ ਬੁਰਾਈਆਂ ਕਾਰਨ ਗੈਂਗਾਂ 'ਚ ਸ਼ਾਮਲ ਹੋ ਜਾਂਦੇ ਹਨ ਤੇ ਇਕ ਦੂਸਰੇ ਦਾ ਕਤਲ ਕਰਦੇ ਹਨ। ਪੰਜਵਾਂ ਨਾਟਕ ਹੈ 'ਨਵੇਂ ਯੁੱਗ ਦੀ ਬਾਤ...', ਇਹ ਨਾਟਕ ਵਹਿਮਾਂ ਭਰਮਾਂ 'ਚ ਪੈ ਕੇ ਪਾਖੰਡੀ ਬਾਬਿਆਂ ਤੋਂ ਲੁੱਟ ਕਰਵਾਉਣ ਵਾਲੇ ਲੋਕਾਂ ਨਾਲ ਸਬੰਧਤ ਹੈ। ਇੰਡੀਆ 'ਚੋਂ ਜਹਾਜ਼ ਚੜ੍ਹ ਕੇ ਬਹੁਤ ਹੀ ਵਿਕਸਿਤ ਦੇਸ਼ ਕੈਨੇਡਾ ਵਿਚ ਆ ਉਤਰਨ ਨਾਲ ਹੀ ਗੈਰ ਵਿਗਿਆਨਕ ਸੋਚ ਰੱਖਣ ਵਾਲੇ ਲੋਕ ਬਦਲ ਨਹੀਂ ਜਾਂਦੇ ਸਗੋਂ ਕਈ ਵਾਰ ਤਾਂ ਪਹਿਲਾਂ ਤੋਂ ਵੀ ਵੱਧ ਵਹਿਮੀ ਹੋ ਜਾਂਦੇ ਹਨ। ਕੈਨੇਡਾ ਵਾਲੇ ਬਾਬਿਆਂ ਦੇ ਲੁੱਟਣ ਦੇ ਢੰਗ ਦੀ ਰੂਪ ਰੇਖਾ ਥੋੜੀ ਬਦਲ ਜਾਂਦੀ ਹੈ। ਇਨ੍ਹਾਂ ਪੰਜਾਂ ਹੀ ਨਾਟਕਾਂ ਦੀ ਪੇਸ਼ਕਾਰੀ ਵਿਚ ਟੋਰਾਂਟੋ ਰਹਿੰਦੇ ਤੇ ਸਟੇਜਾਂ 'ਤੇ ਹੰਢੇ ਵਰਤੇ ਕਲਾਕਾਰਾਂ ਵੱਲੋਂ ਹਿੱਸਾ ਲਿਆ ਗਿਆ। ਇਨ੍ਹਾਂ ਪੇਸ਼ਕਾਰੀਆਂ ਨੂੰ ਕੈਨੇਡਾ 'ਭਰ 'ਚ ਕਈ ਟੈਲੀਵਿਜਨ ਪ੍ਰੋਗਰਾਮਾਂ 'ਤੇ ਦਿਖਾਇਆ ਗਿਆ। ਦਰਸ਼ਕਾਂ ਵੱਲੋਂ ਇਨ੍ਹਾਂ ਨਾਟਕਾਂ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ।

2011 ਦੀ ਜਨਵਰੀ ਦੇ ਮਹੀਨੇ ਮੈਨੂੰ ਤੇ ਮੇਰੀ ਜੀਵਨ ਸਾਥਣ ਅਵਤਾਰ ਔਜਲਾ ਨੂੰ ਪੰਜਾਬ ਜਾਣ ਦਾ ਮੌਕਾ ਮਿਲਿਆ ਤੇ ਉਥੇ ਹੀ ਇਹ ਗੱਲ ਵਿਚਾਰ ਅਧੀਨ ਆਈ ਕਿ ਕਿਉਂ ਨਾ ਇਨ੍ਹਾਂ ਨਾਟਕਾਂ ਨੂੰ ਪੁਸਤਕ ਦਾ ਰੂਪ ਦਿੱਤਾ ਜਾਵੇ। ਮੈਂ ਧੰਨਵਾਦੀ ਹਾਂ ਮਾਸਟਰ ਤਰਲੋਚਨ ਸਿੰਘ ਹੋਰਾਂ ਦਾ ਜਿਨ੍ਹਾਂ ਦਾ ਕਾਫ਼ੀ ਵੱਡਾ ਹੱਥ ਹੈ, ਇਨ੍ਹਾਂ ਨਾਟਕਾਂ ਨੂੰ ਪ੍ਰਕਾਸ਼ਿਤ ਕਰਵਾਉਣ ਵਿਚ। ਮੈਂ ਰਿਣੀ ਹਾਂ ਸ. ਗੁਰਸ਼ਰਨ ਸਿੰਘ ਤੇ ਅਮੋਲਕ ਸਿੰਘ ਹੋਰਾਂ ਦਾ ਜਿਨ੍ਹਾਂ ਨੇ ਬਹੁਤ ਹੀ ਕੀਮਤੀ ਲਫ਼ਜ਼ ਲਿਖ ਕੇ ਮੇਰੀ ਹੌਸਲਾ ਅਫਜਾਈ ਕੀਤੀ ਹੈ। ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਥੋੜਾ ਵਕਤ ਕੱਢ ਕੇ ਮੈਂ ਇਹ ਆਪਣੀ ਲਿਖਤ ਪਾਠਕਾਂ ਦੀ ਝੋਲੀ ਪਾ ਰਿਹਾ ਹਾਂ ਤੇ ਉਨ੍ਹਾਂ ਦੇ ਸੁਝਾਵਾਂ ਦੀ ਉਡੀਕ 'ਚ ਹਾਂ।

**-ਨਾਹਰ ਔਜਲਾ**
**ਬਰੈਂਪਟਨ, ਕੈਨੇਡਾ**

ਨਾਟਕ

# ਡਾਲਰਾਂ ਦੀ ਦੌੜ


ਨਾਟਕ ਦਾ ਇਕ ਦ੍ਰਿਸ਼

**ਤੁਲਨਾਤਮਕ ਵਿਸ਼ਲੇਸ਼ਣ**

## *ਆਈ.ਸੀ. ਨੰਦਾ ਦਾ ਨਾਟਕ "ਸੁਹਾਗ" ਬਨਾਮ ਨਾਹਰ ਔਜਲਾ ਦਾ*

# "ਡਾਲਰਾਂ ਦੀ ਦੌੜ"

**-ਸ.ਸ. ਘੁੰਮਣ**

ਸਮਾਜ ਨੂੰ ਕਈ ਵਾਰ ਅਜਿਹੀਆਂ ਬੁਰਾਈਆਂ ਚਿੰਬੜ ਜਾਂਦੀਆਂ ਹਨ ਕਿ ਬਹੁਤੀ ਵਾਰ ਸੰਵੇਦਨਸ਼ੀਲ ਵਿਅਕਤੀ ਵੀ ਮੱਥਾ ਮਾਰ ਕੇ ਹੰਭ ਜਾਂਦੇ ਹਨ। ਉਨ੍ਹਾਂ ਨੂੰ ਲੱਗਣ ਲੱਗ ਜਾਂਦਾ ਹੈ ਕਿ ਇਨ੍ਹਾਂ ਬੁਰਾਈਆਂ ਦਾ ਕੁਝ ਨਹੀਂ ਕੀਤਾ ਜਾ ਸਕਦਾ। ਇਹੋ ਹੀ ਅਸਾਡੀ ਕੌਮੀ ਤਕਦੀਰ ਹੈ, ਹੋਣੀ ਹੈ, ਭਾਵੀ ਹੈ। ਪਰ ਸਿਰੜੀ ਬੰਦੇ ਫਿਰ ਵੀ ਉਸ ਬੁਰਾਈ ਦੇ ਵਿਰੁੱਧ ਡਟੇ ਰਹਿੰਦੇ ਹਨ। ਕਮਾਲ ਦੀ ਗੱਲ ਇਹ ਹੈ ਕਿ ਉਹ ਬੁਰਾਈ ਕਈ ਵਾਰ ਇਸ ਤਰ੍ਹਾਂ ਖ਼ਤਮ ਹੋ ਜਾਂਦੀ ਹੈ ਕਿ 50 ਸਾਲ ਬਾਅਦ ਵਿਚ ਗੱਲ ਕਰੀਏ ਕਿ ਸਾਡੇ ਸਮਾਜ ਵਿਚ ਇਹ ਬੁਰਾਈ ਇਸ ਕਦਰ ਫੈਲੀ ਹੋਈ ਸੀ ਤਾਂ ਕਈ ਵਾਰ ਕੋਈ ਯਕੀਨ ਕਰਨ ਵਾਲਾ ਵੀ ਮੁਸ਼ਕਿਲ ਨਾਲ ਲੱਭਦਾ ਹੈ ਕਿ ਇੰਜ ਹੁੰਦਾ ਸੀ। ਬਿਲਕੁਲ ਇਸ ਤਰ੍ਹਾਂ ਦੀ ਸਾਖੀ ਹੀ ਮੈਂ ਅੱਗੇ ਪੇਸ਼ ਕਰ ਰਿਹਾ ਹਾਂ।

ਹੁਣ ਤੋਂ ਕੋਈ 70 ਕੁ ਵਰ੍ਹੇ ਪਹਿਲਾਂ ਤੱਕ ਅਸਾਡੇ ਸਮਾਜ ਵਿਚ ਬਹੁਤੇ ਰਿਸ਼ਤੇ ਮੁੱਲ ਨਾਲ ਹੁੰਦੇ ਸਨ। ਧੀਆਂ ਵੇਚਣਾ ਆਮ ਸੀ। ਪੈਸੇ ਨਾਲ ਕੋਈ ਬੁੱਢਾ ਵੀ ਬਾਲੜੀ ਨੂੰ ਵਿਆਹ ਸਕਦਾ ਸੀ। ਪੰਜਾਬੀ ਸੱਭਿਆਚਾਰ ਦੀ ਮੁੱਖ ਧਾਰਾ ਵਿਚੋਂ ਇਹ ਸਾਰਾ ਕੁਝ ਗਾਇਬ ਹੈ। ਉਦੋਂ ਇਹ ਆਮ ਵਰਤਾਰਾ ਸੀ। ਕਿਸੇ ਨੂੰ ਇਸ ਕਾਰੇ 'ਤੇ ਸ਼ਰਮ ਨਹੀਂ ਸੀ ਆਉਂਦੀ। ਜਿਵੇਂ ਹੁਣ ਭਰੂਣ ਹੱਤਿਆ ਹੈ। ਹੋ ਸਕਦਾ ਹੈ ਕਿ ਇਹ ਰਵਾਇਤ ਅਸਾਡੇ ਸਮਾਜ ਵਿਚੋਂ ਗਾਇਬ ਹੋ ਜਾਵੇ ਤੇ 50 ਸਾਲਾਂ ਬਾਅਦ ਅਸੀਂ ਮੰਨਣੋਂ ਵੀ ਹਟ ਜਾਈਏ ਕਿ ਇੰਝ ਹੁੰਦਾ ਸੀ। ਜੇਕਰ ਇਹ ਖ਼ਤਮ ਹੁੰਦੀ ਹੈ ਤਾਂ ਜਿਹੜੇ ਸਿਰੜੀ ਇਸ ਦੇ ਖਿਲਾਫ਼ ਡਟੇ ਹੋਏ ਹਨ, ਇਹ ਉਨ੍ਹਾਂ ਦਾ ਹੀ ਪ੍ਰਤਾਪ ਹੋਵੇਗਾ।

ਪੰਜਾਬੀ ਨਾਟਕ ਦਾ ਪੂਰਨ ਰੂਪ ਵਿਚ ਆਰੰਭ ਸ੍ਰੀਮਤੀ ਨੋਰਾ ਰਿਚਰਡ ਦੇ ਅਣਥੱਕ ਯਤਨਾਂ ਨਾਲ ਹੋਇਆ। ਸ੍ਰੀਮਤੀ ਨੋਰਾ ਰਿਚਰਡ ਦੇ ਪਤੀ ਪ੍ਰੋ. ਰਿਚਰਡ ਲਾਹੌਰ ਗੌਰਮਿੰਟ ਕਾਲਜ ਵਿਚ ਪ੍ਰੋਫੈਸਰ ਸਨ। ਸ੍ਰੀਮਤੀ ਨੋਰਾ ਆਇਰਿਸ਼ ਸੁਆਣੀ ਉਨ੍ਹਾਂ ਦੀ ਪਤਨੀ ਸੀ। ਸ੍ਰੀ ਨੋਰਾ, ਨਾਟਕ ਕਲਾ ਵਿਚ ਬਹੁਤ ਹੀ ਪ੍ਰਬੀਨ ਸਨ। ਉਨ੍ਹਾਂ ਨੇ ਨਾਟਕ ਲਿਖਣ ਦਾ ਮੁਕਾਬਲਾ ਰੱਖਿਆ ਤੇ ਪਹਿਲੇ ਸਥਾਨ 'ਤੇ ਆਉਣ ਵਾਲੇ ਨਾਟਕ ਲਈ

50 ਰੁਪਏ ਇਨਾਮ ਦੀ ਘੋਸ਼ਣਾ ਕੀਤੀ। ਵਿਦਿਆਰਥੀ ਅੰਗਰੇਜ਼ੀ ਵਿਚ ਨਾਟਕ ਲਿਖ ਲਿਆਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਭਾਸ਼ਾ ਵਿਚ ਤੇ ਆਪਣੀਆਂ ਸਮੱਸਿਆਵਾਂ ਤੇ ਲਿਖਣ ਲਈ ਪ੍ਰੇਰਣਾ ਦਿੱਤੀ। ਈਸ਼ਵਰ ਚੰਦਰ ਜੀ ਦਾ ਨਾਟਕ 'ਦੁਲਹਨ' ਨੇ 1913 ਵਿਚ ਪਹਿਲਾ ਸਥਾਨ ਹਾਸਲ ਕੀਤਾ। ਇਸ ਦਾ ਵਿਸ਼ਾ-ਵਸਤੂ ਉਸ ਸਮੇਂ ਦੀ ਆਮ ਬੁਰਾਈ, ਪੈਸੇ ਲੈ ਕੇ ਕੀਤਾ ਬਾਲ ਵਿਆਹ ਹੈ।

ਈਸ਼ਵਰ ਚੰਦਰ ਨੰਦਾ ਜੀ ਸਾਰੀ ਉਮਰ ਨਾਟਕ ਅਤੇ ਸਮਾਜ ਸੁਧਾਰ ਦੇ ਖੇਤਰ ਵਿਚ ਸਰਗਰਮ ਰਹੇ। ਉਨ੍ਹਾਂ ਦਾ ਇਕ ਹੋਰ ਸ਼ਾਹਕਾਰ ਨਾਟਕ 'ਜਿੰਨ' ਵੀ ਹੈ, ਕਿ ਕਿਸ ਤਰ੍ਹਾਂ ਚਲਾਕ ਲੋਕ ਜਿੰਨਾਂ, ਭੂਤਾਂ ਦਾ ਭਰਮ ਜਾਲ ਫੈਲਾ ਕੇ ਲੁੱਟਦੇ ਹਨ।

ਜਿਸ ਤਰ੍ਹਾਂ ਮੈਂ ਪਹਿਲਾਂ ਵੀ ਲਿਖ ਚੁੱਕਾ ਹਾਂ ਕਿ ਅਸਾਡੇ ਸਮਾਜ ਵਿਚ ਇਹ ਬੁਰਾਈ ਹੁਣ ਨਾਮਾਤਰ ਹੀ ਰਹਿ ਗਈ ਹੈ। ਇਹ ਬੁਰਾਈ ਉਸ ਸਮੇਂ ਇੰਜ ਜਾਪਦੀ ਸੀ ਕਿ ਲਹੇਗੀ ਹੀ ਨਹੀਂ। ਨੰਦਾ ਜੀ ਦਾ ਪਹਿਲਾ ਨਾਟਕ ਲਿਖਿਆ ਹੀ ਨਹੀਂ ਸਗੋਂ ਸ੍ਰੀਮਤੀ ਨੋਰਾ ਰਿਚਰਡ ਦੀ ਡਾਇਰੈਕਸ਼ਨ ਵਿਚ ਖੇਡਿਆ ਵੀ ਗਿਆ ਤੇ ਇੰਨਾ ਮਕਬੂਲ ਹੋਇਆ ਕਿ ਉਸਦੇ ਥਾਂ-ਥਾਂ ਸ਼ੋਅ ਹੋਏ। ਅੱਜ ਲਾਹੌਰ ਹੈ, ਦੋ ਦਿਨ ਬਾਅਦ ਜਲੰਧਰ ਹੋ ਰਿਹਾ ਹੈ। ਕਦੇ ਰਾਵਲਪਿੰਡੀ, ਕਦੇ ਅੰਮ੍ਰਿਤਸਰ, ਕਦੇ ਮੁਲਤਾਨ ਤੇ ਕਦੇ ਪੰਜਾ ਸਾਹਿਬ। ਥਾਂ-ਥਾਂ 'ਤੇ ਹਜ਼ਾਰਾਂ ਲੋਕ ਉਹ ਨਾਟਕ ਵੇਖਣ ਆਉਂਦੇ ਸਨ। 'ਸਿੰਘ ਸਭਾ ਲਹਿਰ', 'ਆਰੀਆ ਸਮਾਜ ਲਹਿਰ', 'ਸਨਾਤਨ ਧਰਮ ਸਭਾ ਲਹਿਰ', 'ਮੁਸਲਿਮ ਲੀਗ ਲਹਿਰ' ਸਾਡੇ ਸਮਾਜ ਵਿਚ ਉਹ ਥੋੜੀ ਦੇਰ ਬਾਅਦ ਉਭਾਰ ਵਿਚ ਆਈਆਂ। ਸਾਰੀਆਂ ਨੇ ਹੀ ਸਮਾਜ ਸੁਧਾਰ ਵਿਚ ਯੋਗਦਾਨ ਪਾਇਆ। ਇਸ ਲਈ ਮੈਂ ਇਹ ਤਾਂ ਨਹੀਂ ਆਖਾਂਗਾ ਕਿ ਬਾਲ ਵਿਆਹ ਤੇ ਪੈਸੇ ਲੈ ਕੇ ਸ਼ਾਦੀ ਪ੍ਰਥਾ ਦਾ ਖ਼ਾਤਮਾ ਸਿਰਫ ਨੰਦਾ ਜੀ ਜਾਂ ਨੋਰਾ ਰਿਚਰਡ ਜੀ ਨੇ ਕੀਤਾ ਹੈ ਪਰ ਮੈਨੂੰ ਇਹ ਆਖਣ ਵਿਚ ਜ਼ਰਾ ਜਿੰਨੀ ਝਿਜਕ ਨਹੀਂ ਕਿ ਉਨ੍ਹਾਂ ਦਾ ਇਸ ਲਾਹਨਤ ਦੇ ਖਾਤਮੇ ਵਿਚ ਸਭ ਤੋਂ ਵੱਡਾ ਯੋਗਦਾਨ ਹੈ।

ਕੈਨੇਡੀਅਨ ਪੰਜਾਬੀ ਭਾਈਚਾਰੇ ਵਿਚ ਬਾਲ ਵਿਆਹ ਅਤੇ ਪੈਸੇ ਲੈ ਕੇ ਵਿਆਹ ਕਰਨ ਦੀ ਸਮੱਸਿਆ ਤਾਂ ਨਹੀਂ 'ਜਿੰਨ' ਵਾਲੀ ਸਮੱਸਿਆ ਹਾਲੇ ਵੀ ਮੌਜੂਦ ਹੈ ਅਤੇ ਪੰਜਾਬੀ ਸਮਾਜ ਵਿਚ ਵਿਚਰਨ ਵਾਲੇ ਸਭ ਤੋਂ ਘਟੀਆ ਅਤੇ ਘਿਨਾਉਣੇ ਲੋਕ ਇਸ ਰਾਹੀਂ ਕਮਾਈ ਵੀ ਕਰ ਰਹੇ ਹਨ। ਦੂਸਰਾ ਧੜਾ ਇਸ ਦੇ ਖਿਲਾਫ਼ ਹੈ ਅਤੇ ਆਪਣਾ ਪੂਰਾ ਜ਼ੋਰ ਇਨ੍ਹਾਂ ਲੋਕਾਂ ਦੀ ਮੁਖਾਲਫ਼ਤ ਕਰਨ ਵਿਚ ਲਗਾ ਰਿਹਾ ਹੈ। ਪਰ ਇਥੇ ਆ ਕੇ ਅਸਾਨੂੰ ਕੁਝ ਅਜਿਹੀਆਂ ਸਮੱਸਿਆਵਾਂ ਚਿੰਬੜਦੀਆਂ ਹਨ ਜੋ ਕਿ ਨਿਰੋਲ ਇਥੋਂ ਦੀਆਂ ਹੀ ਹਨ ਅਤੇ ਹੁਣ ਵੀ ਅਸਾਡੇ ਸਮਾਜ ਦਾ ਹੀ ਹਿੱਸਾ ਹਨ।

'ਨਾਹਰ ਔਜਲਾ' ਜੀ ਦਾ ਨਾਟਕ 'ਡਾਲਰਾਂ ਦੀ ਦੌੜ' ਅਸਾਡੇ ਪੰਜਾਬੀ ਸਮਾਜ

ਵਿਚ ਪੈਸੇ ਦੀ ਅੰਨ੍ਹੀ ਦੌੜ ਪਿੱਛੇ ਲੱਗ ਕੇ ਅਸੀਂ ਆਪਣੀਆਂ ਆਦਤਾਂ ਵੀ ਵਿਗਾੜ ਲਈਆਂ ਅਤੇ ਆਉਣ ਵਾਲੀ ਪੀੜ੍ਹੀ ਦਾ ਵੀ ਹੱਥੀਂ ਸਤਿਆਨਾਸ ਕਰ ਰਹੇ ਹਾਂ। ਇਸ ਨਾਟਕ ਨੂੰ ਵੇਖ ਕੇ ਗੁਰਬਾਣੀ ਦਾ ਕਥਨ ਯਾਦ ਆਉਂਦਾ ਹੈ–

'ਵਰਤਨਮਾਨ ਵਿਚ ਵਰਤਦਾ ਹੋਵਣਹਾਰ ਸੋਈ ਪਰਵਾਨਾ'

ਨਾਟਕ ਦੀ ਕਹਾਣੀ ਇਸ ਤਰ੍ਹਾਂ ਹੈ ਕਿ ਪਰਿਵਾਰ ਦਾ ਮੁਖੀ ਜੋ ਕਿ ਬਹੁਤ ਮਿਹਨਤੀ ਹੈ ਪਰ ਉਸ ਲਈ ਦੋ ਹੀ ਰੁਝੇਵੇਂ ਹਨ, ਕੰਮ ਕਰਕੇ ਡਾਲਰ ਇਕੱਠੇ ਕਰਨੇ ਤੇ ਘਰ ਆ ਕੇ ਸ਼ਰਾਬ ਪੀ ਲੈਣੀ। ਉਸਦੀ ਪਤਨੀ ਨੇ ਵੀ ਚੰਗੀ ਚੋਖੀ ਕਮਾਈ ਕੀਤੀ ਹੈ। ਵੱਡਾ ਘਰ ਲੈ ਲਿਆ ਹੈ। ਜਵਾਨ ਬੇਟੇ ਨੂੰ ਮਹਿੰਗੀ ਸਪੋਰਟਸ ਕਾਰ ਲੈ ਕੇ ਦੇ ਦਿੱਤੀ ਹੈ। ਪਰ ਬੀਅਰ ਪੀਂਦਾ ਹੋਇਆ ਅਖਬਾਰ ਵਿਚੋਂ ਪੜ੍ਹਦਾ ਹੈ ਕਿ ਬੈਂਕ ਰੌਬਰੀ ਵਿਚ ਪੰਜਾਬੀ ਮੁੰਡੇ ਸ਼ਾਮਲ ਹਨ। ਜਿਸ ਤਰ੍ਹਾਂ ਕਿ ਹਰ ਇਕ ਨੂੰ ਜਾਪਦਾ ਇਹ ਹੁੰਦਾ ਹੈ ਕਿ ਇਹ ਕੁਝ ਅਸਾਡੇ ਭਾਈਚਾਰੇ ਵਿਚ ਤਾਂ ਵਾਪਰ ਰਿਹਾ ਹੈ। ਇਸ ਗੱਲੋਂ ਵੀ ਚਿੰਤਤ ਹੈ। ਕਰ ਸਿਰਫ ਗੱਲਾਂ ਹੀ ਰਿਹਾ ਹੈ। ਉਸ ਨੂੰ ਲੱਗਦਾ ਹੈ ਕਿ ਅਸਾਡਾ ਘਰ ਇਸ ਪੱਖੋਂ ਅਛੂਤਾ ਹੈ। ਉਨ੍ਹਾਂ ਨੂੰ ਜਾਪਦਾ ਹੈ ਕਿ ਉਹ ਤਾਂ ਦਿਨ ਰਾਤ ਕਮਾਈ ਬੱਚਿਆਂ ਲਈ ਹੀ ਕਰਦੇ ਹਨ। ਬੱਚੇ ਇਹ ਵੇਖ ਕੇ ਸ਼ੁਕਰਗੁਜ਼ਾਰ ਤੇ ਅਹਿਸਾਨਮੰਦ ਹੋਣਗੇ ਕਿ ਅਸੀਂ ਉਨ੍ਹਾਂ ਲਈ ਇੰਨੀ ਮਿਹਨਤ ਕਰਦੇ ਹਾਂ।

ਪਰ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਨਾਲ ਸਮਾਂ ਗੁਜ਼ਾਰਨਾ ਸਭ ਤੋਂ ਜ਼ਰੂਰੀ ਹੈ। ਜਦੋਂ ਉਨ੍ਹਾਂ ਦੀ ਧੀ ਰਮਨ ਨਸ਼ਾ ਕਰਕੇ ਘਰ ਆਉਂਦੀ ਹੈ ਤਾਂ ਪਿਤਾ ਉਸਦੀ ਕੁਟਾਈ ਕਰਦਾ ਹੈ। ਹਾਲਾਂਕਿ ਆਪ ਬੀਅਰ ਪੀ ਰਿਹਾ ਹੁੰਦਾ ਹੈ। ਰਮਨ ਦਾ ਮਾਮਾ ਜਗਤਾਰ ਉਨ੍ਹਾਂ ਨੂੰ ਅਹਿਸਾਸ ਕਰਾਉਂਦਾ ਹੈ ਕਿ ਉਨ੍ਹਾਂ ਦਾ ਬੱਚਿਆਂ ਪ੍ਰਤੀ ਅਤੇ ਆਪਣੇ ਆਪ ਪ੍ਰਤੀ ਰਵੱਈਆ ਘਾਤਕ ਹੈ ਇਹੋ ਹੀ ਬਰਬਾਦੀ ਦਾ ਕਾਰਨ ਬਣਦਾ ਹੈ। ਉਨ੍ਹਾਂ ਦੀਆਂ ਉਮੀਦਾਂ ਦੇ ਮਹਿਲ ਭਾਵੇਂ ਉਨ੍ਹਾਂ ਨੇ ਆਪਣੇ ਆਪ ਵਿਚ ਵਾਸਤਵ ਵਿਚ ਹੀ ਉਸਾਰੇ ਸਨ ਸਭ ਛਾਈਂ ਮਾਈਂ ਹੋ ਜਾਂਦੇ ਹਨ। ਜਿਸ ਪ੍ਰਾਪਤੀ ਤੇ ਉਹ ਫ਼ਖ਼ਰ ਕਰਦੇ ਸਨ ਉਹ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਕੇ ਹਾਸਲ ਕੀਤੀ ਹੈ। ਉਹ ਨਿਰਾਸ਼ਾ ਵਿਚ ਡੁੱਬ ਜਾਂਦੇ ਹਨ। ਜਦੋਂ ਕਿ ਜਗਤਾਰ, ਜੋ ਔਰਤ ਦਾ ਸਕਾ ਭਰਾ ਹੈ ਜ਼ਿਆਦਾ ਪੈਸਾ ਨਾ ਕਮਾ ਕੇ ਸਗੋਂ ਅਸਲ ਕਮਾਈ ਕਰ ਗਿਆ ਲੱਗਦਾ ਹੈ ਕਿਉਂਕਿ ਉਸ ਦੇ ਬੱਚੇ ਸਿੱਧੇ ਰਾਹ 'ਤੇ ਹਨ।

ਇਹ ਕਹਾਣੀ ਵੀ ਅਸਾਡੇ ਕੈਨੇਡੀਅਨ ਸਮਾਜ ਦੀ ਰੋਜ਼ਮਰਾ ਜ਼ਿੰਦਗੀ ਦਾ ਹਿੱਸਾ ਹੈ। ਜਿਸ ਤਰ੍ਹਾਂ ਨੰਦਾ ਜੀ ਦਾ ਨਾਟਕ 'ਦੁਲਹਨ' ਸੀ। ਇਹ 'ਡਾਲਰਾਂ ਦੀ ਦੌੜ' ਪੰਜਾਬੀ ਨਾਟਕ ਪੰਜਾਬੀ ਪ੍ਰੈੱਸ ਕਲੱਬ ਦੀ ਗਾਲਾ ਨਾਈਟ ਵਿਚ ਖਾਸ ਤੌਰ 'ਤੇ ਦਿਖਾਇਆ

ਗਿਆ। ਇਸ ਦੀਆਂ ਬਹੁਤ ਸਾਰੀਆਂ ਡੀ.ਵੀ.ਡੀ. ਲੋਕ ਹਾਸਲ ਕਰ ਚੁੱਕੇ ਹਨ। ਕਈ ਵਾਰ 'ਸੁਰ ਸਾਗਰ' ਟੀ.ਵੀ. ਤੇ ਵੀਜ਼ਨ ਟੀ.ਵੀ. ਉੱਤੇ ਵੀ ਵਿਖਾਇਆ ਜਾ ਚੁੱਕਾ ਹੈ। ਲੋਕਾਂ ਵੱਲੋਂ ਬਹੁਤ ਹੀ ਸਲਾਹਿਆ ਗਿਆ ਹੈ। ਨਿਰਸੰਦੇਹ ਆਖਦਾ ਹਾਂ ਕਿ ਇਸ ਨਾਟਕ ਦਾ ਵੀ ਨੰਦਾ ਜੀ ਦੇ ਨਾਟਕ ਵਰਗਾ ਹੀ ਪ੍ਰਭਾਵ ਹੈ ਅਤੇ ਕੈਨੇਡੀਅਨ ਪੰਜਾਬੀ ਸਮਾਜ ਨੇ ਉਸ ਨਾਟਕ ਵਾਂਗ ਹੀ ਇਸ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਕਿਉਂ ਜੋ ਟੀ.ਵੀ. ਰਾਹੀਂ ਤਕਰੀਬਨ ਬਹੁਤੇ ਪੰਜਾਬੀ ਕੈਨੇਡੀਅਨ ਵੇਖ ਚੁੱਕੇ ਹਨ।

ਸਮਾਜ ਵਿਚ ਜੋ ਬੁਰਾਈਆਂ ਪੈਦਾ ਹੁੰਦੀਆਂ ਹਨ ਤਾਂ ਇਹ ਖ਼ਤਮ ਵੀ ਕੀਤੀਆਂ ਜਾ ਸਕਦੀਆਂ ਹਨ। ਜਿਸ ਬੁਰਾਈ ਨੂੰ ਔਜਲਾ ਜੀ ਨੇ ਵਿਸ਼ਾ ਵਸਤੂ ਬਣਾਇਆ ਹੈ ਇਹ ਸਾਡੇ ਸਮਾਜ ਦਾ ਕੋਹੜ ਹਨ। ਕੋਹੜ ਵੀ ਖ਼ਤਮ ਕੀਤਾ ਜਾ ਸਕਦਾ ਹੈ ਅਤੇ ਇਹੋ ਜਿਹੇ ਸਮਾਜਿਕ ਕੋਹੜ ਨੂੰ ਖ਼ਤਮ ਕਰਨ ਲਈ ਨੰਦਾ ਅਤੇ ਔਜਲਾ ਵਰਗਿਆਂ ਦਾ ਰੋਲ ਸਭ ਤੋਂ ਉੱਪਰ ਹੁੰਦਾ ਹੈ। ਦੁਸ਼ਿਅੰਤ ਦਾ ਸ਼ੇਅਰ ਹੈ–

"ਕੈਸੇ ਆਸਮਾਂ ਮੇਂ ਸੁਰਾਖ ਨਹੀਂ ਹੋ ਸਕਤਾ,
ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ।"

–o–

# ਡਾਲਰਾਂ ਦੀ ਦੌੜ

## *ਪਾਤਰ*

| | |
|---|---|
| ਅਮਰ ਸਿੰਘ : | (ਇਕ ਅਧਖੜ ਉਮਰ ਦਾ ਆਦਮੀ) |
| ਕਰਮਜੀਤ ਕੌਰ : | (ਅਮਰ ਸਿੰਘ ਦੀ ਪਤਨੀ) |
| ਰਮਨ : | (ਅਮਰ ਦੀ ਨੌਜਵਾਨ ਬੇਟੀ) |
| ਰੌਬੀ : | (ਅਮਰ ਦਾ ਨੌਜਵਾਨ ਬੇਟਾ) |
| ਜਗਤਾਰ : | (ਕਰਮਜੀਤ ਕੌਰ ਦਾ ਭਰਾ) |

***(ਮੰਚ ਤੇ ਰੌਸ਼ਨੀ ਹੁੰਦਿਆਂ ਹੀ ਅਮਰ ਦੇ ਘਰ ਦੇ ਲਿਵਿੰਗ ਰੂਮ ਦਾ ਦ੍ਰਿਸ਼ ਦਿਖਾਈ ਦਿੰਦਾ ਹੈ, ਅਮਰ ਬੈਠਾ ਅਖਬਾਰ ਪੜ੍ਹ ਰਿਹਾ ਹੈ, ਟੇਬਲ 'ਤੇ ਖੁੱਲ੍ਹੀ ਹੋਈ ਬੀਅਰ ਦੀ ਬੋਤਲ ਪਈ ਹੈ)***

**ਕਰਮਜੀਤ** : ***(ਲਵਸੀਟ 'ਤੇ ਬੈਠਦੀ ਹੋਈ)*** ਨਾ ਤੁਸੀਂ ਕੰਮ ਤੋਂ ਆਉਂਦੇ ਹੀ ਬੀਅਰ ਦੀ ਬੋਤਲ ਖੋਲ੍ਹ ਕੇ ਬੈਠ ਗਏ, ਪਹਿਲਾਂ ਕੁਝ ਖਾ ਪੀ ਤਾਂ ਲੈਂਦ।

**ਅਮਰ** : ***(ਅਖਬਾਰ ਪੜ੍ਹਨ 'ਚ ਰੁੱਝਿਆ ਹੋਇਆ ਹੈ, ਇਕ ਵਾਰ ਕਰਮਜੀਤ ਵੱਲ ਨੂੰ ਝਾਕਦਾ ਹੈ)***

**ਕਰਮਜੀਤ** : ਇਕ ਆਹ ਹਰ ਰੋਜ਼ ਪੰਜ ਛੇ ਅਖਬਾਰ ਚੁੱਕ ਲਿਆਉਂਦੇ ਹੋ ਪੰਜਾਬੀ ਦੇ, ਫੇਰ ਜਿਥੇ ਦੇਖਿਆ ਉਥੇ ਹੀ ਰੱਖ ਦਿੰਦੇ ਹੋ, ਮੈਂ ਕਿਹਾ ਕੁਝ ਸੁਣਦੇ ਹੋ ਮੈਂ ਕਦੋਂ ਦੀ ਬੋਲੀ ਜਾ ਰਹੀ ਹਾਂ।

***(ਅਮਰ, ਅਖਬਾਰ ਕਰਮਜੀਤ ਕੌਰ ਦੇ ਅੱਗੇ ਕਰ ਦਿੰਦਾ ਹੈ)***

**ਅਮਰ** : ਕਰਮਜੀਤ ਆਹ ਖਬਰ ਪੜ੍ਹ ਕੇ ਦੇਖ।

**ਕਰਮਜੀਤ** : ਤੁਸੀਂ ਹੀ ਦੱਸ ਦਿਉ।

**ਅਮਰ** : ਟਰਾਂਟੋ 'ਚ ਬੈਂਕ ਰੋਬਰੀ ਹੋਈ ਐ, ਬੈਂਕ ਲੁੱਟਣ ਵਾਲੇ ਸਾਰੇ ਹੀ ਆਪਣੇ ਪੰਜਾਬੀ ਮੁੰਡੇ ਨੇ, ਇਕ ਤਾਂ ਪੁਲਿਸ ਮੁਕਾਬਲੇ 'ਚ ਮਾਰਿਆ ਵੀ ਗਿਆ, ਬਾਕੀ ਦੇ ਫੜੇ ਗਏ ਨੇ।

**ਕਰਮਜੀਤ** : ਅੱਗੇ ਇਹੋ ਜਿਹੀਆਂ ਖਬਰਾਂ ਵੈਨਕੂਵਰ 'ਚ ਸੁਣਦੇ ਹੁੰਦੇ ਸੀ, ਆਪਣੇ ਮੁੰਡਿਆਂ ਬਾਰੇ।

**ਅਮਰ** : ਹੁਣ ਥੋੜ੍ਹਾ ਜਿਹਾ ਚਿਰ ਹੋਰ ਠਹਿਰ ਫੇਰ ਤੈਨੂੰ ਸੁਣਨ ਦੀ ਲੋੜ ਨਹੀਂ ਪੈਣੀ,

ਤੂੰ ਇਥੇ ਹੀ ਹਰ ਰੋਜ਼ ਆਪਣੇ ਅੱਖੀਂ ਦੇਖਿਆ ਕਰੇਂਗੀ।

**ਕਰਮਜੀਤ** : ਤੁਸੀਂ ਕਿਸੇ ਦੀ ਛੱਡੋ, ਆਪਣਿਆਂ ਬਾਰੇ ਈ ਸੋਚੋ, ਕਦੇ ਕੀਤੀ ਐ ਬੈਠ ਕੇ ਆਪਣੇ ਜੁਆਕਾਂ ਨਾਲ ਗੱਲ ਬਈ ਉਹ ਕੀ ਕਰਦੇ ਨੇ, ਕਦ ਘਰੋਂ ਜਾਂਦੇ ਨੇ ਕਦ ਉਹ ਵਾਪਸ ਆਉਂਦੇ ਨੇ।

**ਅਮਰ** : ਤੂੰ ਹੀ ਕਰ ਲਿਆ ਕਰ, ਮੇਰੇ ਕੋਲੋਂ ਬਹੁਤੀ ਪੁਚ ਪੁਚ ਨੀ ਹੁੰਦੀ, ਜਦ ਅੱਗਿਉਂ ਜਵਾਬ ਦਿੰਦੇ ਨੇ ਫੇਰ ਮੇਰੇ ਕੋਲੋਂ ਥੱਪੜ ਲੱਗ ਜਾਂਦੇ ਨੇ।

**ਕਰਮਜੀਤ** : ਗੱਲ ਗੱਲ 'ਤੇ ਥੱਪੜ ਮਾਰ ਦੇਣਾ ਵੀ ਠੀਕ ਨੀ ਹੁੰਦਾ।

**ਅਮਰ** : ਫੇਰ ਤੂੰ ਹੀ ਸਮਝਾ ਲਿਆ ਕਰ ਆਪਣੇ ਤਰੀਕੇ ਨਾਲ।

**ਕਰਮਜੀਤ** : ਹੁਣ ਤਾਂ ਉਹ ਮੇਰੀ ਵੀ ਨਹੀਂ ਸੁਣਦੇ, ਅੱਜ ਮੈਂ ਰਮਨ ਨੂੰ ਬਥੇਰਾ ਰੋਕਿਆ ਬਈ ਰਾਤ ਨੂੰ ਨਾ ਜਾਹ ਆਪਣੀਆਂ ਫਰੈਂਡਾਂ ਨਾਲ, ਪਰ ਉਹਨੇ ਮੇਰੀ ਇਕ ਨੀ ਸੁਣੀ। ***(ਨਸ਼ੇ ਦੀ ਲੋਰ ਤੇ ਗੁੱਸੇ ਵਿਚ ਅਮਰ ਸਿੰਘ ਬੋਲਦਾ ਹੈ)***

**ਅਮਰ** : ਕਿੱਥੇ ਗਈ ਹੈ ਉਹ ਰਾਤ ਨੂੰ? ਐਸ ਵੇਲੇ ਵੀ ਉਹ ਬਾਹਰ ਤੁਰੀ ਫਿਰਦੀ ਐ?

**ਕਰਮਜੀਤ** : ਕਹਿੰਦੀ ਸੀ ਅੱਜ ਮੇਰੀ ਫਰੈਂਡ ਪਾਰਟੀ ਹੈ, ਰਾਤ ਨੂੰ ਲੇਟ ਆਵੇਗੀ।

**ਅਮਰ** : ਕਿਹੜੀ ਫਰੈਂਡ ਦੇ ਘਰ ਗਈ ਹੈ ਕੋਈ ਤਾਂ ਐਡਰੈੱਸ ਦਿੱਤਾ ਹੀ ਹੋਵੇਗਾ।

**ਕਰਮਜੀਤ** : ਮੈਨੂੰ ਨਹੀਂ ਦੱਸਿਆ, ਕਿਥੇ ਗਈ ਹੈ।

**ਅਮਰ** : ***(ਉੱਠ ਕੇ ਖੜ੍ਹਾ ਹੋ ਜਾਂਦਾ ਹੈ)*** ਅੱਧੀ ਰਾਤ ਹੋ ਗਈ ਹੈ, ਕੁੜੀ ਬਾਹਰੋਂ ਨੀ ਮੁੜੀ। ***(ਬਾਹਰ ਜਾਣ ਲੱਗਦਾ ਹੈ ਤਾਂ ਕਰਮਜੀਤ ਰੋਕਦੀ ਹੈ)***

**ਕਰਮਜੀਤ** : ਨਾ ਤੁਸੀਂ ਹੁਣ ਕਿਥੇ ਚੱਲੇ, ਨਾਲੇ ਤੁਹਾਡੀ ਤਾਂ ਹੁਣ ਦਾਰੂ ਵੀ ਪੀਤੀ ਹੋਈ ਐ।

**ਅਮਰ** : ਆਪਣਾ ਰੌਬੀ ਕਿਥੇ ਹੈ, ਉਸ ਨੂੰ ਜ਼ਰੂਰ ਪਤਾ ਹੋਵੇਗਾ ਕਿਥੇ ਗਈ ਐ।

**ਕਰਮਜੀਤ** : ਰੌਬੀ ਵੀ ਘਰ ਹੈ ਨਹੀਂ, ਉਹ ਵੀ ਕਦੋਂ ਦਾ ਨਿਕਲਿਐ ਕਾਰ ਲੈ ਕੇ।

**ਅਮਰ** : ਉਹ ਵੀ ਹੁਣ ਕਾਰ ਨੂੰ ਖੜਨ ਹੀ ਨਹੀਂ ਦਿੰਦਾ।

**ਕਰਮਜੀਤ** : ਮੈਨੂੰ ਤਾਂ ਸਮਝ ਨੀ ਆਉਂਦੀ ਬਈ ਜਵਾਨ ਮੁੰਡੇ ਨੂੰ ਸਪੋਰਟਸ ਕਾਰ ਲੈ ਕੇ ਦੇਣ ਦੀ ਕੀ ਲੋੜ ਪਈ ਸੀ।

**ਅਮਰ** : ਪੈਸੇ ਵੀ ਤਾਂ ਮੁੰਡੇ ਲਈ ਹੀ ਕਮਾਉਂਦੇ ਆਂ, ਸਾਨੂੰ ਤਾਂ ਇੰਡੀਆਂ 'ਚ ਕਦੇ ਨਵਾਂ ਸਾਇਕਲ ਨਹੀਂ ਸੀ ਜੁੜਿਆ, ਮੁੰਡਾ ਸਪੋਰਟਸ ਕਾਰ ਮੰਗਦਾ ਸੀ, ਮੈਂ ਕਿਹਾ ਲੈ ਦੇਵਾਂ ਇਹਦਾ ਚਾਅ ਪੂਰਾ ਹੋ ਜਾਵੇਗਾ।

**ਕਰਮਜੀਤ** : ਕਰੋ ਉਹਦਾ ਚਾਅ ਪੂਰਾ! ਹੁਣ ਦਸ ਦਸ ਦਿਨ ਘਰ ਨੀ ਵੜਦਾ

**ਅਮਰ** : ਚੱਲ ਛੱਡ ਹੁਣ ਤੂੰ ਮੁੰਡੇ ਨੂੰ ਫੜ ਕੇ ਬਹਿ ਗੀ ਐਂ, ਉਹਨੂੰ ਫੋਨ ਕਰਕੇ ਰਮਨ ਦਾ ਪਤਾ ਕਰ ***(ਗੁੱਸੇ ਨਾਲ)*** ਪਤਾ ਨਹੀਂ ਜੁਆਕਾਂ ਨੂੰ ਐਨੀ ਖੁੱਲ੍ਹ ਕਿਵੇਂ ਦੇਈਂ ਰੱਖਦੀ ਐਂ।

***(ਕਰਮਜੀਤ ਉੱਠ ਕੇ ਫੋਨ ਮਿਲਾਉਣ ਲਗਦੀ ਹੈ, ਥੱਲੇ ਪਈ ਬੀਅਰ ਦੀ ਬੋਤਲ ਪੈਰ 'ਚ ਲੱਗਦੀ ਹੈ)*** ਇਕ ਐਹ ਸਿਆਪੇ ਨੇ ਮਾਰਲੇ ਇਹਨੂੰ ਕਿਤੇ ਠਿਕਾਣੇ 'ਤੇ ਰੱਖ ਲਿਆ ਕਰੋ।

***(ਫੋਨ ਮਿਲ ਜਾਂਦਾ ਹੈ - ਕਰਮਜੀਤ ਕੌਰ ਬੋਲਦੀ ਹੈ)***

**ਕਰਮਜੀਤ** : ... ਰੌਬੀ... ***(ਫਿਰ ਉੱਚੀ ਦੇ ਕੇ)*** ਰੌਬੀ! ... ਹੈਲੋ...

**ਅਮਰ** : ਕੀ ਗੱਲ ਐ ਚੁੱਕਦਾ ਨੀ? ਲਿਆ ਮੈਨੂੰ ਫੜਾ।

**ਕਰਮਜੀਤ** : ਚੁੱਕ ਤਾਂ ਲਿਆ ਪਰ ਮਿਊਜ਼ਿਕ ਬਹੁਤ ਉੱਚੀ ਐ, ਕੁਝ ਨੀ ਸੁਣਦਾ।

**ਅਮਰ** : ਤੂੰ ਥੋੜਾ ਉਧਰ ਨੂੰ ਹੋ ਕੇ ਸੁਣ ਲੈ, ਅਖੇ ਆਵਾਜ਼ ਨੀ ਆਉਂਦੀ।

**ਕਰਮਜੀਤ** : ***(ਅਮਰ ਸਿੰਘ ਨੂੰ ਸੰਬੋਧਿਤ)*** ਮਿਊਜ਼ਿਕ ਉਧਰ ਵੱਜਦਾ ਹੈ ਇੱਧਰ ਨੀ। ***(ਫਿਰ ਰੌਬੀ ਨਾਲ ਗੱਲ ਕਰਦਿਆਂ)*** ਰੌਬੀ ਤੈਨੂੰ ਪਤਾ ਰਮਨ ਕਿੱਥੇ ਐ ***(ਗੁੱਸੇ ਨਾਲ ਫੋਨ ਬੰਦ ਕਰਦੀ ਹੈ)***

**ਅਮਰ** : ਕੀ ਕਹਿੰਦੈ?

**ਕਰਮਜੀਤ** : ਅੱਗੋਂ ਕੀ ਕਹਿੰਦਾ ਹੁੰਦਾ, ਆਈ ਡੌਂਟ ਨੋਅ ***(I don't know)***

**ਅਮਰ** : ਇਥੋਂ ਦੇ ਜੁਆਕਾਂ ਨੇ ਵੀ ਹੱਦ ਹੀ ਲਾਹ ਦਿੱਤੀ ਐ, ਉਹਦੀ ਭੈਣ ਬਾਰੇ ਪੁੱਛਦੇ ਆਂ, ਅੱਗਿਉਂ ਕਹਿੰਦਾ ਆਈ ਡੌਂਟ ਨੋਅ ***(I don't know)***।

**ਕਰਮਜੀਤ**: ਭੁਗਤੋ ਹੁਣ, ਤੁਹਾਡਾ ਹੀ ਵਿਗਾੜਿਆ ਹੋਇਐ, ਉਦੋਂ ਮਸਾਂ ਸੋਲਾਂ ਸਤਾਰਾਂ ਸਾਲਾਂ ਦੀ ਸੀ ਜਦੋਂ ਦਾ ਕੁੜੀਆਂ ਮਗਰ ਲੱਗਿਆ ਫਿਰਦੈ, ਜਦੋਂ ਤੁਹਾਨੂੰ ਦੱਸਣਾ ਤਾਂ ਬੜਾ ਹੁੱਬ ਕੇ ਕਹਿੰਦੇ ਸੀ ਬਈ ਮੁੰਡੇ ਇਹੋ ਜਿਹੀਆਂ ਗਲਤੀਆਂ ਕਰ ਹੀ ਲੈਂਦੇ ਨੇ, ਹੁਣ ਲੱਗੂ ਪਤਾ ਮੁੰਡਾ ਕੀ ਕੀ ਚੰਦ ਚਾੜ੍ਹਦੈ? ***(ਅਮਰ ਸਿੰਘ ਖਿਝ ਜਾਂਦਾ ਹੈ)***

**ਅਮਰ** : ਫੇਰ ਉਹਨੂੰ ਫੜ ਕੇ ਬਹਿ ਗਈ ਐ, (ਕਲਾਕ ਵੱਲ ਵੇਖ ਕੇ) ਦੋ ਵੱਜ ਗਏ ਨੇ, ਰਮਨ ਅਜੇ ਤੱਕ ਨੀ ਆਈ, ਮੈਨੂੰ ਤਾਂ ਸਮਝ ਨਹੀਂ ਆ ਰਹੀ ਬਈ ਹੁਣ ਕੀ ਕਰੀਏ? ਕਿਸੇ ਰਿਸ਼ਤੇਦਾਰ ਨੂੰ ਦੱਸਣ ਜੋਗੇ ਵੀ ਨਹੀਂ ਆਂ।

**ਕਰਮਜੀਤ** : ਰਿਸ਼ਤੇਦਾਰਾਂ ਨੇ ਕਿਹੜੀ ਭਲੀ ਕਰਨੀ ਐ, ਲਾ ਲਾ ਕੇ ਗੱਲਾਂ ਕਰਨਗੇ।

*(ਅਚਾਨਕ ਦਰਵਾਜ਼ਾ ਖੜਕਦਾ ਹੈ)*

**ਕਰਮਜੀਤ** : ਆਹ ਦਰਵਾਜ਼ਾ ਖੜਕਿਐ, ਲੱਗਦੈ ਰਮਨ ਆ ਗਈ ਐ *(ਉੱਠ ਕੇ ਦੇਖਣ ਲੱਗਦੀ ਹੈ, ਰਮਨ ਆ ਰਹੀ ਹੈ)*

*(ਰਮਨ ਮੰਮੀ ਡੈਡੀ ਦੇ ਮੂਹਰੇ ਦੀ ਲੰਘਣ ਲੱਗਦੀ ਹੈ)*

**ਅਮਰ** : ਰਮਨ ਐਧਰ ਆ।

*(ਰਮਨ ਥੋੜਾ ਨਸ਼ੇ 'ਚ ਲੱਗਦੀ ਹੈ)*

**ਕਰਮਜੀਤ** : ਨੀ ਤੂੰ ਮਰ ਜਾਵੇਂ, ਤੈਨੂੰ ਸ਼ਰਮ ਨੀ ਆਉਂਦੀ ਏਨਾ ਲੇਟ ਘਰ ਵੜਦੀ ਨੂੰ।

**ਰਮਨ** : ਵੱਟ ਇਜ਼ ਏ ਬਿਗ ਡੀਲ ਮਾਮ ***(what is a big deal mom)***

**ਅਮਰ** : ਰਮਨ ਤੂੰ ਕੋਈ ਨਸ਼ਾ ਪੀਤਾ?

**ਰਮਨ** : ਮੈਂ ਤਾਂ ਨਹੀਂ ਪੀਤਾ, ਮੇਰੀ ਕਿਸੇ ਫਰੈਂਡ ਨੇ ਕੋਕ 'ਚ ਮਿਲਾ ਕੇ ਪਿਆ ਦਿੱਤਾ ਹੋਵੇ, ਦੇਨ ਆਈ ਡੌਂਟ ਨੋਅ ***(then i don't know)***

**ਕਰਮਜੀਤ** : ਨੀ ਤੇਰੀ ਅਜੇ ਉਮਰ ਹੀ ਕੀ ਹੋਈ ਐ, ਤੂੰ ਰਾਤਾਂ ਨੂੰ ਨਸ਼ੇ ਪੀ ਕੇ ਫਿਰਦੀ ਐਂ, ਤੂੰ ਤਾਂ ਸਾਡੀ ਵੀ ਇੱਜ਼ਤ ਮਿੱਟੀ 'ਚ ਰੋਲ ਦਿੱਤੀ ਐ।

**ਅਮਰ** : ਰਾਤ ਦੇ ਦੋ ਵੱਜੇ ਪਤਾ ਨੀ ਕਿਥੋਂ ਕਿਥੋਂ ਘੁੰਮਦੀ ਆਈ ਐਂ।

**ਰਮਨ** : ਵਟ ਡੂ ਯੂ ਮੀਨ ਕਿਥੋਂ ਕਿਥੋਂ, ਮੇਰੀ ਫਰੈਂਡ ਦੇ ਘਰ 'ਚ ਪਾਰਟੀ ਸੀ।

**ਅਮਰ** : ਪਾਰਟੀ ਨਸ਼ੇ ਤੋਂ ਬਿਨਾਂ ਵੀ ਹੋ ਸਕਦੀ ਐ, ਤੈਨੂੰ ਪਤਾ ਨੀ ਨਸ਼ਾ ਕਰਨਾ ਮਾੜਾ ਹੁੰਦੈ।

**ਰਮਨ** : *(ਬੀਅਰ ਦੀ ਬੋਤਲ ਚੁੱਕ ਕੇ ਦਿਖਾਉਂਦੀ ਹੈ)* ਵਟ ਇਜ ਦਿਸ, ਦਿਸ ਇਜ ਗੁੱਡ ਫਾਰ ਯੂ ***(what is this, this is good for you)***

**ਕਰਮਜੀਤ** : ਦੇਖ ਕਿੱਦਾਂ ਬੋਲਦੀ ਐ ਪਿਉ ਮੂਹਰੇ, ਸ਼ਰਮ ਨੀ ਆਉਂਦੀ?

**ਅਮਰ** : ਮੈਂ ਤੈਨੂੰ ਨਸ਼ਾ ਕਰਨ ਦੀ ਇਜਾਜ਼ਤ ਨਹੀਂ ਦੇ ਸਕਦਾ।

**ਰਮਨ** : ਹੂਅ ਕੇਅਰ? *(ਰਮਨ ਦੇ ਮੋਬਾਈਲ ਦੀ ਘੰਟੀ ਵੱਜਦੀ ਹੈ)* ਹੈਲੋ! ਵੱਟ! ਸੀ ਇਜ ਇਨ ਦ ਹੋਸਪਿਟਲ? ਡੌਂਟ ਵਰੀ ਸ਼ੀ ਵਿੱਲ ਬੀ ਓ ਕੇ, ਆਈ ਐਮ ਕਮਇੰਗ ***(what! she is in the hospital? Don't worry she will be o.k. I am coming.)*** *(ਉਥੋਂ ਤੁਰ ਜਾਂਦੀ ਹੈ)*

**ਅਮਰ** : ਮੈਨੂੰ ਤਾਂ ਲਗਦੈ ਕਿਸੇ ਨਾਲ ਝਗੜਾ ਕਰਕੇ ਆਈ ਐ।

**ਕਰਮਜੀਤ** : ਹਾਏ ਰੱਬਾ! ਤੂੰ ਸਾਨੂੰ ਆਹ ਦਿਨ ਵੀ ਦਿਖਾਉਣੇ ਸੀ, ਕੀ ਬੁਰਾ ਹੋ ਗਿਆ

ਸਾਡੇ ਤੋਂ, ਇਸ ਤੋਂ ਤਾਂ ਚੰਗਾ ਹੁੰਦਾ ਤੂੰ ਸਾਡੇ ਘਰ ਨਾ ਹੀ ਜੰਮਦੀ। *(ਰੋਣ ਲਗਦੀ ਹੈ)*

**ਅਮਰ** : ਜਾਹ ਉੱਠ ਕੇ ਦੇਖ ਕਿਤੇ ਫੇਰ ਨਾ ਚਲੀ ਜਾਵੇ ਬਾਹਰ ਨੂੰ *(ਚੁੱਕ ਕੇ ਬੀਅਰ ਪੀਣ ਲੱਗ ਜਾਂਦਾ ਹੈ)*

*(ਕਰਮਜੀਤ ਉੱਠਕੇ ਅੰਦਰ ਜਾਂਦੀ ਹੈ, ਰਮਨ ਨੂੰ ਫੜ ਕੇ ਅੰਦਰ ਲਿਆਉਂਦੀ ਹੈ)*

**ਅਮਰ** : ਤੂੰ ਹੁਣ ਫੇਰ ਮੇਰੀ ਇਜਾਜ਼ਤ ਤੋਂ ਬਿਨਾਂ ਬਾਹਰ ਨੂੰ ਚੱਲੀ ਸੀ।

**ਰਮਨ** : ਹੌਅ ਕੇਅਰ! ਮੈਨੂੰ ਤੁਹਾਡੀ ਇਜਾਜ਼ਤ ਦੀ ਲੋੜ ਨਹੀਂ।

*(ਅਮਰ ਸਿੰਘ ਗੁੱਸੇ 'ਚ ਉੱਠ ਕੇ ਖੜ੍ਹਾ ਹੋ ਜਾਂਦਾ ਹੈ, ਕਿਰਨ ਦੇ ਮੂੰਹ 'ਤੇ ਥੱਪੜ ਮਾਰ ਦਿੰਦਾ ਹੈ)*

**ਅਮਰ** : ਇਸ ਨੂੰ ਸਾਡੀ ਕੋਈ ਸ਼ਰਮ ਨਹੀਂ ਹੈ।

*(ਰਮਨ ਦੇ ਨੱਕ 'ਚੋਂ ਖ਼ੂਨ ਚੱਲ ਪੈਂਦਾ ਹੈ, ਆਪਣੇ ਹੱਥ ਨਾਲ ਖ਼ੂਨ ਨੂੰ ਸਾਫ ਕਰਦੀ ਹੈ, ਖ਼ੂਨ ਨੂੰ ਦੇਖ ਕੇ ਗੁੱਸੇ 'ਚ ਆ ਜਾਂਦੀ ਐ)*

**ਰਮਨ** : ਹੌਅ ਡੇਅਰ ਯੂ, ਆਈ ਗੇੱਟ ਯੂ ਬੈਕ ***(how dare you, I get you back)*** *(ਫੋਨ ਕੱਢ ਕੇ ਨੰਬਰ ਡਾਇਲ ਕਰਦੀ ਹੈ)* ਆਈ ਵਿੱਲ ਕਾਲ ਦਾ ਪੋਲੀਸ। ***(I will call the police)***

**ਕਰਮਜੀਤ** : *(ਇਕਦਮ ਉੱਠ ਕੇ ਫੋਨ ਫੜਦੀ ਹੈ)* ਨਾਂਹ ਮੇਰਾ ਪੁੱਤ ਫੋਨ ਨਾ ਕਰੀਂ।

*(ਰਮਨ ਘਰੋਂ ਬਾਹਰ ਚਲੀ ਜਾਂਦੀ ਹੈ)*

**ਕਰਮਜੀਤ** : ਤੁਸੀਂ ਦਾਰੂ ਪੀ ਕੇ ਹਮੇਸ਼ਾਂ ਹੀ ਨਵਾਂ ਚੰਦ ਚਾੜ ਦਿੰਦੇ ਹੋ, ਕੀ ਲੋੜ ਸੀ ਕੁੜੀ ਦੇ ਇੰਨਾ ਜ਼ੋਰ ਦੀ ਥੱਪੜ ਮਾਰਨ ਦੀ, ਉਹਦੇ ਨੱਕ 'ਚੋਂ ਖ਼ੂਨ ਚੱਲਣ ਲੱਗ ਪਿਆ।

**ਅਮਰ** : *(ਬਹੁਤ ਭਾਵੁਕ ਹੋ ਜਾਂਦਾ ਹੈ)* ਪਤਾ ਨੀ ਮੈਨੂੰ ਕੀ ਹੋ ਗਿਐ, ਮੈਂ ਇਹਨਾਂ ਹੱਥਾਂ ਨਾਲ ਆਪਣੀ ਹੀ ਬੇਟੀ ਨੂੰ ਜ਼ਖ਼ਮੀ ਕਰ ਦਿੱਤੈ।

**ਕਰਮਜੀਤ** : ਰਮਨ ਬਾਹਰ ਚਲੀ ਗਈ ਹੈ, ਆਹ ਪੁਲਿਸ ਸਟੇਸ਼ਨ ਵੀ ਕੋਲ ਹੀ ਹੈ, ਮੈਨੂੰ ਤਾਂ ਲਗਦੈ ਉਹ ਉਥੇ ਹੀ ਜਾਵੇਗੀ।

**ਅਮਰ** : ਫੇਰ ਮੈਂ ਹੁਣ ਕੀ ਕਰਾਂ?

**ਕਰਮਜੀਤ** : ਤੁਹਾਡੀ ਤਾਂ ਦਾਰੂ ਵੀ ਪੀਤੀ ਹੋਈ ਐ, ਘਰ ਤੋਂ ਬਾਹਰ ਚਲੇ ਜਾਵੋ।

**ਅਮਰ** : ਕਿਥੇ ਚਲਿਆ ਜਾਵਾਂ ਹੁਣ, ਇਸ ਵੇਲੇ?

**ਕਰਮਜੀਤ** : ਤੁਸੀਂ ਜਗਤਾਰ ਦੇ ਘਰ ਚਲੇ ਜਾਓ ਆਹ ਕੋਲ ਤਾਂ ਹੈ।

*(ਅਮਰ ਉੱਠ ਕੇ ਮੰਚ ਤੋਂ ਜਾਂਦਾ ਹੈ)*

**ਕਰਮਜੀਤ** : *(ਰੋਂਦੀ ਹੈ)* ਹਾਏ ਰੱਬਾ ਸਾਡੇ ਤੋਂ ਕਿਹੜੇ ਜਨਮਾਂ ਦੇ ਬਦਲਾ ਲੈਨਾਂ ਏ, ਇਹੋ ਜਿਹੇ ਜਿਉਣ ਨਾਲੋਂ ਤਾਂ ਮਰਨਾ ਚੰਗਾ। *(ਕਰਮਜੀਤ ਸਿਰ ਫੜ ਕੇ ਬੈਠ ਜਾਂਦੀ ਹੈ, ਅੱਖਾਂ ਭਰ ਆਉਂਦੀਆਂ ਹਨ - ਰੋਣ ਲੱਗਦੀ ਹੈ)*

*(ਰੌਬੀ ਅੰਦਰ ਆਉਂਦਾ ਹੈ)*

**ਰੌਬੀ** : *(ਮਾਮ ਨੂੰ ਰੋਂਦੀ ਦੇਖ ਕੇ)* ਵਟਸ ਰੌਂਗ ਮਾਮ, ਵਾਏ ਆਰ ਯੂ ਕਰਾਇੰਗ ***(what's wrong mom, why are you crying)***

**ਕਰਮਜੀਤ** : ਪੁੱਤ ਤੇਰੇ ਡੈਡੀ ਨੇ ਗੁੱਸੇ 'ਚ ਆ ਕੇ ਰਮਨ ਦੇ ਥੱਪੜ ਮਾਰ ਦਿੱਤਾ, ਰਮਨ ਪਤਾ ਨਹੀਂ ਹੁਣ ਕਿੱਧਰ ਨੂੰ ਚਲੀ ਗਈ।

**ਰੌਬੀ** : ਰੀਲੇਕਸ ਮਾਮ, ਪਰ ਡੈਡੀ ਨੂੰ ਰਮਨ ਦੇ ਥੱਪੜ ਮਾਰਨ ਦੀ ਕੀ ਲੋੜ ਸੀ?

**ਕਰਮਜੀਤ** : ਰਾਤ ਨੂੰ ਦੋ ਵਜੇ ਘਰ ਆਈ ਸੀ, ਨਸ਼ਾ ਪੀਤਾ ਹੋਇਆ ਸੀ, ਸਿਗਰਟਾਂ ਦਾ ਮੁਸ਼ਕ ਆਉਂਦਾ ਸੀ, ਥੱਪੜ ਨਾ ਮਾਰਦਾ ਹੋਰ ਕੀ ਕਰਦਾ।

**ਰੌਬੀ** : ਕੁਝ ਵੀ ਹੋਵੇ, ਹੁਣ ਉਹ ਬੱਚੀ ਨਹੀਂ ਹੈ, ਡੈਡੀ ਨੂੰ ਥੱਪੜ ਨਹੀਂ ਸੀ ਮਾਰਨਾ ਚਾਹੀਦਾ।

**ਕਰਮਜੀਤ** : ਤੁਸੀਂ ਦੋਵੇਂ ਅੱਧੀ ਅੱਧੀ ਰਾਤ ਤੱਕ ਘਰ ਨੀ ਵੜਦੇ ਤੇ ਅਸੀਂ ਤੁਹਾਨੂੰ ਘੂਰ ਵੀ ਨਹੀਂ ਸਕਦੇ?

**ਰੌਬੀ** : ਘਰੇ ਅਸੀਂ ਕੀਹਦੇ ਕੋਲ ਰਹੀਏ, ਤੁਸੀਂ ਤਾਂ ਦੋਵੇਂ ਕੰਮ 'ਤੇ ਤੁਰੇ ਰਹਿੰਦੇ ਹੋ, ਰਮਨ ਦੀ ਬੇਬੀ ਸਿਟਿੰਗ ਵੀ ਮੈਂ ਹੀ ਕੀਤੀ ਐ। ਤੁਸੀਂ ਤਾਂ ਹਰ ਸਮੇਂ ਕੰਮ 'ਤੇ ਤੁਰੇ ਰਹਿੰਦੇ ਸੀ।

**ਕਰਮਜੀਤ** : ਕੰਮ ਵੀ ਤਾਂ ਅਸੀਂ ਤੁਹਾਡੇ ਲਈ ਹੀ ਕਰਦੇ ਆਂ, ਆਹ ਏਡਾ ਵੱਡਾ ਘਰ ਅਸੀਂ ਤੁਹਾਡੇ ਲਈ ਹੀ ਛੱਡ ਜਾਣਾ।

**ਰੌਬੀ** : ਫਾਰਗਿੱਟ ਇੱਟ ਮਾਮ, ਵੀ ਡੌਂਟ ਨੀਡ ਯੂਅਰ ਹਾਊਸ ***(Forget it mom, we don't need your house)***

**ਕਰਮਜੀਤ** : ਤੂੰ ਹੁਣ ਜਾ ਕੇ ਦੇਖ ਕੇ ਆ ਰਮਨ ਨੂੰ।

**ਰੌਬੀ** : ਆਈ ਡੌਂਟ ਨੋਅ ਵਿਅਰ ਸੀ ਇਜ਼ ***(I don't know where she is)*** *(ਕਹਿ ਕੇ ਉਥੋਂ ਤੁਰ ਪੈਂਦਾ ਹੈ)*

**ਕਰਮਜੀਤ** : *(ਫੋਨ ਚੁੱਕ ਕੇ ਨੰਬਰ ਮਿਲਾਉਂਦੀ ਹੈ)* ਭਾਬੀ! ਵੀਰੇ ਨਾਲ ਗੱਲ ਕਰਵਾਈਂ

ਥੋੜਾ ਜਲਦੀ ਐ, ***(ਥੋੜਾ ਰੁਕ ਕੇ)*** ਕੀ ਕਿਹੈ ਰੌਬੀ ਦੇ ਡੈਡੀ ਦਾ ਫੋਨ ਆਇਆ ਸੀ, ਉਨ੍ਹਾਂ ਨੂੰ ਹੀ ਮਿਲਣ ਗਏ ਨੇ ***(ਫੋਨ ਰੱਖਦੀ ਹੈ)*** ਏਨੀ ਦੇਰ ਹੋ ਗਈ ਪਤਾ ਨੀ ਕਿਥੇ ਹੋਣਗੇ, ਸੁੱਖ ਵੀ ਹੋਵੇ ਤਾਂ ਚੰਗਾ।

***(ਕਰਮਜੀਤ ਪ੍ਰੇਸ਼ਾਨੀ 'ਚ ਇਧਰ ਉਧਰ ਘੁੰਮਦੀ ਹੈ... ਫੋਨ ਮਿਲਾਉਂਦੀ ਹੈ... ਫੋਨ ਨਹੀਂ ਮਿਲ ਰਿਹਾ - ਇਸੇ ਦੌਰਾਨ ਰਮਨ ਦਰਵਾਜਾ ਖੋਲ ਕੇ ਅੰਦਰ ਆਉਂਦੀ ਹੈ)***

**ਕਰਮਜੀਤ** : ਰਮਨ ਤੂੰ ਆਗੀਂ, ਮੇਰਾ ਪੁੱਤ। ਕਿਤੇ ਤੂੰ ਪੁਲਿਸ ਵਾਲਿਆਂ ਨੂੰ ਤਾਂ ਨਹੀਂ ਦੱਸਿਆ।

**ਰਮਨ** : ਹਾਂ ਮੈਂ ਫੋਨ ਕਰ ਦਿੱਤਾ ਸੀ। ਪੁਲੀਸ ਨੇ ਡੈਡ ਨੂੰ ਰੈਸਟ ਕਰ ਲਿਆ।

**ਕਰਮਜੀਤ** : ***(ਧੱਫਾ ਮਾਰ ਕੇ ਥੋੜਾ ਗੁੱਸੇ ਵਿਚ)*** ਨੀ ਤੂੰ ਕਾਹਨੂੰ ਗੱਲ ਇਥੋਂ ਤੱਕ ਵਧਾਉਣੀ ਸੀ।

**ਰਮਨ** : ਡੈਡ ਨੂੰ ਇਥੇ ਕਨੇਡਾ 'ਚ ਰਹਿੰਦਿਆਂ ਵੀਹ ਸਾਲ ਹੋ ਗਏ ਹਨ, ਪਰ ਅਜੇ ਵੀ ਸੋਚਦੇ ਇੰਡੀਆ ਵਾਂਗ ਹੀ ਹਨ, ਹਰ ਗੱਲ 'ਤੇ ਥੱਪੜ ਮਾਰ ਦਿੰਦੇ ਹਨ।

**ਕਰਮਜੀਤ** : ਤੂੰ ਛੋਟੀ ਐਂ ਤੇਰੇ ਥੱਪੜ ਵੀ ਮਾਰ ਦਿੱਤਾ ਫੇਰ ਕੀ ਹੋ ਗਿਆ?

**ਰਮਨ** : ਹੂੰ ਫੇਰ ਕੀ ਹੋ ਗਿਆ, ਵਿੱਕੀ ਦੇ ਕਦੇ ਨੀ ਮਾਰਿਆ ਉਹ ਕਿਹੜਾ ਗਲਤੀਆਂ ਨੀ ਕਰਦਾ?

**ਕਰਮਜੀਤ** : ਕੁੜੀਆਂ ਘਰ ਦੀ ਇੱਜ਼ਤ ਹੁੰਦੀਆਂ ਨੇ, ਤੂੰ ਸਮਝਣ ਦੀ ਕੋਸ਼ਿਸ ਕਰਿਆ ਕਰ।

**ਰਮਨ** : ਇਟਸ ਨੌਟ ਫੇਅਰ ***(it's not fair) (ਰਮਨ ਗੁੱਸੇ 'ਚ ਅੰਦਰ ਚਲੀ ਜਾਂਦੀ ਹੈ। ਕਰਮਜੀਤ ਰੋਣ ਹਾਕੀ ਹੋਈ ਪਈ ਹੈ- ਦਰਵਾਜ਼ਾ ਫਿਰ ਖੜਕਦਾ ਹੈ)***

***(ਜਗਤਾਰ ਤੇ ਅਮਰ ਘਰ ਦੇ ਅੰਦਰ ਆਉਂਦੇ ਹਨ, ਆ ਕੇ ਦੋਵੇਂ ਸੋਫੇ 'ਤੇ ਬੈਠਦੇ ਹਨ, ਅਮਰ ਕਾਫੀ ਉਦਾਸ ਦਿਖਾਈ ਦਿੰਦਾ ਹੈ)***

**ਕਰਮਜੀਤ** : ***(ਅਮਰ ਵੱਲ ਦੇਖ ਕੇ)*** ਤੁਸੀਂ ਠੀਕ ਤਾਂ ਹੋ।

**ਅਮਰ** : ਬਸ ਇਕ ਪੁਲਿਸ ਸਟੇਸ਼ਨ ਹੀ ਦੇਖਣ ਤੋਂ ਰਹਿੰਦਾ ਸੀ, ਉਹ ਵੀ ਅੱਜ ਕੁੜੀ ਨੇ ਦਿਖਾ ਦਿੱਤਾ।

**ਕਰਮਜੀਤ** : ਦੇਖ ਵੀਰੇ ਆਹ ਸਾਡੇ ਘਰ ਦਾ ਤਾਂ ਕੀ ਦਾ ਕੀ ਬਣ ਗਿਐ, ਸਭ ਕੁਝ ਹੀ ਉੱਜੜ ਗਿਆ।

**ਜਗਤਾਰ** : ਭੈਣ ਬੱਚੇ ਤਾਂ....

**ਕਰਮਜੀਤ** : ***(ਜਗਤਾਰ ਦੀ ਗੱਲ ਨੂੰ ਵਿਚਕਾਰ ਹੀ ਕੱਟਦੀ ਹੋਈ)*** ਕਿਥੇ ਤੇਰੇ ਜੁਆਕ ਨੇ, ਕੁੜੀ ਕਿੰਨੇ ਚੰਗੇ ਨੰਬਰ ਲੈਂਦੀ ਐ, ਮੁੰਡੇ ਦੇ ਜਾਣੀ ਮੂੰਹ 'ਚ ਜ਼ੁਬਾਨ ਨੀ, ਮਜਾਲ ਐ ਕਦੇ ਕਿਸੇ ਨੂੰ ਮਾੜਾ ਬੋਲੇ।

**ਜਗਤਾਰ** : ਭੈਣ ਤੁਸੀਂ ਬਹੁਤ ਦੇਰ ਕਰ ਦਿੱਤੀ ਐ, ਮੈਂ ਤਾਂ ਤੁਹਾਨੂੰ ਬਹੁਤ ਵਾਰ ਸਮਝਾਇਆ ਬਈ ਬੱਚੇ ਵੱਡੇ ਹੋ ਰਹੇ ਹਨ ਇਹਨਾਂ ਦਾ ਧਿਆਨ ਰੱਖੋ, ਭਾਅ ਜੀ ਦਾ ਕੰਮ ਕਾਰ ਹੁਣ ਠੀਕ ਹੈ, ਘਰ ਵੀ ਵਧੀਆ ਬਣ ਗਿਆ, ਤੁਸੀਂ ਜੌਬ ਛੱਡ ਦਿਉ।

**ਕਰਮਜੀਤ** : ਜੌਬ ਤਾਂ ਮੈਂ ਕੱਲ ਨੂੰ ਛੱਡ ਦਿਆਂ ਕੁਝ ਠੀਕ ਤਾਂ ਹੁੰਦਾ ਲੱਗੇ।

**ਜਗਤਾਰ** : ਤੁਸੀਂ ਗੱਲ ਕਾਫੀ ਵਧਾ ਲਈ ਹੈ, ਬੱਚਿਆਂ ਦਾ ਤਾਂ ਛੋਟੇ ਹੁੰਦਿਆਂ ਤੋਂ ਹੀ ਧਿਆਨ ਰੱਖਣਾ ਪੈਂਦਾ।

**ਕਰਮਜੀਤ** : ਵੀਰੇ ਕੰਮ ਵੀ ਤਾਂ ਕਰਨਾ ਪੈਣਾ ਸੀ, ਖਰਚਾ ਕਿਥੋਂ ਚਲਾਉਂਦੇ, ਘਰ ਵੀ ਬਣਾਉਣਾ ਸੀ।

**ਜਗਤਾਰ** : ਘਰ ਤਾਂ ਵੱਡਾ ਲੈ ਲਿਆ ਪਰ ਬੱਚੇ ਵਿਚਾਰੇ ਕੱਲੇ ਰਹਿੰਦੇ ਰਹੇ।

**ਕਰਮਜੀਤ** : ਮੇਰੀ ਤਾਂ ਸੱਸ ਵੀ ਸਾਡੇ ਨਾਲ ਨੀ ਰਹੀ, ਕਹਿੰਦੀ ਤੁਹਾਡੇ ਘਰ ਲਾਗੇ ਕੋਈ ਗੁਰਦੁਆਰਾ ਨਹੀਂ ਹੈ, ਹੁਣ ਦੱਸ ਮੈਂ ਉਹਨੂੰ ਗੁਰਦੁਆਰਾ ਕਿਥੋਂ ਬਣਵਾ ਦਿਆਂ। ਮੈਨੂੰ ਤਾਂ ਲੱਗਦੈ ਬੰਦੇ ਦੇ ਹੱਥ ਵੱਸ ਕੁਝ ਨੀ ਸਭ ਕਿਸਮਤ ਦੀਆਂ ਹੀ ਗੱਲਾਂ ਨੇ।

**ਜਗਤਾਰ** : ਭੈਣ ਕਿਸਮਤ ਵੀ ਬੰਦੇ ਨੂੰ ਆਪ ਹੀ ਬਣਾਉਣੀ ਪੈਂਦੀ ਐ, ਆਹ ਤੂੰ ਸਾਡੇ ਵੱਲ ਦੇਖ, ਜਦੋਂ ਸਾਡੇ ਬੱਚੇ ਛੋਟੇ ਸੀ ਤਾਂ ਮੈਂ ਤੇਰੀ ਭਾਬੀ ਨੂੰ ਕਦੇ ਕੰਮ 'ਤੇ ਨਹੀਂ ਸੀ ਭੇਜਿਆ, ਭਾਵੇਂ ਸਾਨੂੰ ਤਿੰਨ ਸਾਲ ਬੇਸਮੈਂਟ 'ਚ ਹੀ ਰਹਿਣਾ ਪਿਆ, ਬੱਚਿਆਂ ਨੂੰ ਖੇਡਾਂ 'ਚ ਪਾ ਕੇ ਰੱਖਿਆ, ਬੱਚਿਆਂ ਨੂੰ ਪਾਲਣ ਲਈ ਵੀ ਤਾਂ ਤਪੱਸਿਆ ਕਰਨੀ ਪੈਂਦੀ ਐ।

**ਕਰਮਜੀਤ** : ਗੱਲ ਤਾਂ ਤੇਰੀ ਠੀਕ ਹੈ ਅਸੀਂ ਤਾਂ ਆਹ ਵੱਡੇ ਘਰ ਨੇ ਹੀ ਡੋਬ ਦਿੱਤੇ, ਇਸੇ ਨੂੰ ਫਰੀ ਕਰਨ 'ਚ ਲੱਗੇ ਰਹੇ, ਹੁਣ ਜਦੋਂ ਬੱਚੇ ਬਿਨਾਂ ਦੱਸੇ ਘਰੋਂ ਨਿਕਲ ਜਾਂਦੇ ਨੇ, ਮੈਨੂੰ ਤਾਂ ਫਿਰ ਇਹ ਘਰ ਮੜ੍ਹੀਆਂ ਵਰਗਾ ਸੁੰਨ ਮਸਾਣ ਲੱਗਦੈ।

**ਜਗਤਾਰ** : ਹੁਣ ਵੀ ਕੁਝ ਸੋਚੋ ਅਜੇ ਵੀ ਮੌਕਾ ਐ।

**ਅਮਰ** : ਮੈਂ ਤਾਂ ਕਹਿਨਾ ਕੁੜੀ ਨੂੰ ਕਿਸੇ ਨਾ ਕਿਸੇ ਬਹਾਨੇ ਇੰਡੀਆ ਲੈ ਜਾਈਏ ਤੇ ਉਥੇ ਇਹਦਾ ਵਿਆਹ ਕਰ ਦਿਆਂਗੇ, ਉਥੇ ਜਾ ਕੇ ਪਾਸਪੋਰਟ ਇਧਰ

ਉਧਰ ਕਰ ਦਿਆਂਗੇ, ਸਾਲ ਛੇ ਮਹੀਨੇ ਉਥੇ ਰਹਿ ਕੇ ਆਪ ਹੀ ਸੁਧਰ ਜਾਵੇਗੀ।

**ਕਰਮਜੀਤ** : ਨਾ ਹੁਣ ਉਹ ਏਡੀ ਵੀ ਸਾਊ ਨਹੀਂ ਜਿਹੜੀ ਤੁਹਾਡੇ ਨਾਲ ਚੁੱਪ ਚਾਪ ਚਲੀ ਜਾਵੇਗੀ।

**ਜਗਤਾਰ** : ਭਾਅ ਜੀ ਜਿਹੜੀਆਂ ਗੱਲਾਂ ਤੁਸੀਂ ਕਰਦੇ ਹੋ ਇਹ ਕੋਈ ਮਸਲੇ ਦਾ ਹੱਲ ਨਹੀਂ ਹੈ, ਆਪਾਂ ਤਾਂ ਆਪਣੇ ਵੱਲੋਂ ਹੋਈਆਂ ਗਲਤੀਆਂ ਨੂੰ ਸੁਧਾਰਨ ਦੀ ਬਜਾਏ ਆਪਣੇ ਲਈ ਨਵੇਂ ਟੋਏ ਪੁੱਟ ਰਹੇ ਹਾਂ, ਨਾਲੇ ਤੁਹਾਨੂੰ ਤਾਂ ਪੁਲਿਸ ਨੇ ਵਾਰਨਿੰਗ ਦਿੱਤੀ ਹੋਈ ਹੈ ਬਈ ਅਗਰ ਦੋਬਾਰਾ ਕੰਪਲੇਂਟ ਆਈ ਤਾਂ ਜਮਾਨਤ ਵੀ ਨਹੀਂ ਹੋਣੀ।

**ਅਮਰ** : ਫੇਰ ਮੈਨੂੰ ਨੀ ਹੋਰ ਕੁਝ ਸੁਝਦਾ ਹੁਣ ਜੋ ਕੁਝ ਵੀ ਕਰਨੈ ਤੁਸੀਂ ਹੀ ਕਰੋ, ਕੁਝ ਮੇਰੇ ਕਰਨ ਵਾਲਾ ਹੋਇਆ ਤਾਂ ਮੈਨੂੰ ਦੱਸ ਦਿਉ।

**ਜਗਤਾਰ** : ਤੁਸੀਂ ਫਿਲਹਾਲ ਆਪਣੀ ਡਾਂਗ ਚਲਾਉਣੀ ਬੰਦ ਕਰ ਦਿਉ ਇੰਨਾ ਹੀ ਕਾਫੀ ਹੈ।

**ਕਰਮਜੀਤ** : ਮੈਨੂੰ ਤਾਂ ਸਮਝ ਨੀ ਆਉਂਦੀ ਬਈ ਕਰੀਏ ਤਾਂ ਕੀ ਕਰੀਏ।

**ਜਗਤਾਰ** : ਭੈਣ ਜੀ ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ, ਫੇਰ ਸੁਣੋ ਧਿਆਨ ਨਾਲ, ਬਥੇਰੇ ਡਾਲਰ ਕਮਾ ਲਏ ਹੁਣ ਚੁੱਪ ਚਾਪ ਕੰਮ ਛੱਡ ਦਿਉ ਕੁੜੀ ਨੂੰ ਆਪ ਸਕੂਲ ਛੱਡਿਆ ਕਰੋ ਤੇ ਆਪ ਲੈ ਕੇ ਆਇਆ ਕਰੋ ਉਹਦੇ ਨਾਲ ਵੱਧ ਤੋਂ ਵੱਧ ਟਾਇਮ ਸਪੈਂਡ ਕਰਿਆ ਕਰੋ।

**ਅਮਰ** : ਮੈਂ ਤਾਂ ਇਹਨੂੰ ਅੱਗੇ ਵੀ ਬਥੇਰੀ ਵਾਰ ਕਿਹਾ ਬਈ ਤੂੰ ਕੰਮ ਛੱਡਦੇ ਪਰ ਇਹ ਕਿਹੜਾ ਆਖੇ ਲੱਗਦੀ ਐ।

**ਕਰਮਜੀਤ** : ਹੁਣ ਸਾਰੇ ਕਲੇਸ਼ ਦਾ ਭਾਂਡਾ ਮੇਰੇ ਸਿਰ ਭੰਨ ਦਿਉ।

**ਜਗਤਾਰ** : ਇਕ ਤਾਂ ਤੁਹਾਡੀ ਇਹ ਗੱਲ ਮਾੜੀ ਐ ਬੱਚਿਆਂ ਦੇ ਮਸਲੇ ਨੂੰ ਸ਼ਾਂਤੀ ਨਾਲ ਨਜਿੱਠਣ ਦੀ ਬਜਾਏ ਆਪਸ ਵਿਚੀਂ ਸਿੰਗ ਫਸਾ ਕੇ ਬਹਿ ਜਾਂਦੇ ਹੋ, ਤੁਹਾਡੀ ਇਸ ਲੜਾਈ ਦਾ ਫਾਇਦਾ ਬੱਚੇ ਉਠਾਉਂਦੇ ਹਨ।

**ਕਰਮਜੀਤ** : ਵੀਰੇ ਤੂੰ ਜਿਵੇਂ ਕਹੇਂਗਾ ਅਸੀਂ ਉਸ ਤਰ੍ਹਾਂ ਹੀ ਕਰਾਂਗੇ, ਸਾਡਾ ਘਰ ਬਚਣਾ ਚਾਹੀਦੈ।

**ਜਗਤਾਰ** : ਮੈਂ ਰਮਨ ਨਾਲ ਵੀ ਗੱਲ ਕਰਦੈਂ ਸ਼ਾਇਦ ਕੋਈ ਹੱਲ ਨਿਕਲ ਹੀ ਜਾਵੇ ***(ਉੱਠ ਕੇ ਅੰਦਰ ਨੂੰ ਜਾਂਦਾ ਹੈ)***

**ਕਰਮਜੀਤ** : ***(ਅਮਰ ਸਿੰਘ ਨੂੰ ਸਮਝਾਉਂਦੀ ਹੈ)*** ਹੁਣ ਮੇਰੀ ਗੱਲ ਸੁਣ ਲਵੋ ਧਿਆਨ ਨਾਲ

ਮੈਂ ਕੱਲ ਤੋਂ ਕੰਮ 'ਤੇ ਨਹੀ ਜਾਣਾ, ਆਹ ਵੱਡਾ ਘਰ ਵੇਚ ਕੇ ਛੋਟਾ ਲਵੋ, ਲਹਿ ਗਿਆ ਮੇਰਾ ਵੱਡੇ ਘਰਾਂ ਦਾ ਚਾਅ, ਸਾਨੂੰ ਨੀ ਲੋੜ ਫੋਕੇ ਦਿਖਾਵਿਆਂ ਦੀ।

**ਅਮਰ** : ਘਰ ਦਾ ਖਰਚਾ ਮੈਂ ਆਪ ਕਰਾਂਗਾ, ਤੂੰ ਬੱਚਿਆਂ ਵੱਲ ਧਿਆਨ ਦੇ ਕੇ ਦੇਖ, ਜੇ ਵਾਪਸ ਹੀ ਮੁੜ ਆਉਣ, ਆਪਾਂ ਤਾਂ ਇੰਨੇ ਸਾਲ ਪਤਾ ਨਹੀਂ ਕਿਸ ਵਹਿਣ 'ਚ ਵਹਿੰਦੇ ਡਾਲਰਾਂ ਮਗਰ ਹੀ ਦੌੜਦੇ ਰਹੇ, ਇਹ ਤਾਂ ਪਤਾ ਹੀ ਨਹੀਂ ਲੱਗਿਆ ਕਿ ਭਿਆਨਕ ਤਬਾਹੀ ਸਾਡਾ ਪਿੱਛਾ ਕਰ ਰਹੀ ਹੈ, ਇਸ ਨੂੰ ਆਪਾਂ ਕਦੇ ਮਹਿਸੂਸ ਹੀ ਨਹੀਂ ਕਰ ਸਕੇ।

***(ਜਗਤਾਰ ਰਮਨ ਨੂੰ ਪਿਆਰ ਨਾਲ ਆਪਣੀਆਂ ਬਾਹਵਾਂ 'ਚ ਘੁੱਟ, ਉਸਦੇ ਡੈਡੀ ਕੋਲ ਲੈ ਕੇ ਆਉਂਦਾ ਹੈ, ਰਮਨ ਰੋ ਰਹੀ ਹੈ, ਉਸ ਵੱਲ ਦੇਖ ਕੇ ਉਸਦਾ ਡੈਡੀ ਵੀ ਰੋਣ ਲੱਗ ਪੈਂਦਾ ਹੈ)***

**ਰਮਨ** : ਡੈਡੀ ਮੈਨੂੰ ਮਾਫ ਕਰ ਦੇਵੋ ਮੇਰੇ ਕੋਲੋਂ ਗਲਤੀ ਹੋ ਗਈ ਹੈ, ਮੈਨੂੰ ਮਾਫ ਕਰ ਦੇਵੋ।

**ਅਮਰ** : ਗਲਤੀ ਤੇਰੀ ਨਹੀਂ ਗਲਤੀ ਤਾਂ ਸਗੋਂ ਸਾਡੇ ਕੋਲੋਂ ਹੋਈ ਐ, ਅਸੀਂ ਤੁਹਾਡੇ ਨਾਲ ਸਮਾਂ ਬਿਤਾਉਣ ਦੀ ਬਜਾਏ, ਡਾਲਰਾਂ ਨਾਲ ਹੀ ਗਲਵਕੜੀਆਂ ਪਾਉਂਦੇ ਰਹਿ ਗਏ, ਹੁਣ ਤੂੰ ਵਾਪਸ ਸਾਡੇ ਕੋਲ ਆਜਾ ਪੁੱਤਰ, ਅਸੀਂ ਡਾਲਰਾਂ ਪਿੱਛੇ ਦੌੜ ਕੇ ਥੱਕ ਗਏ ਹਾਂ।

***(ਅਮਰ ਆਪਣੀ ਬੇਟੀ ਰਮਨ ਨੂੰ ਬੁੱਕਲ਼ 'ਚ ਲੈ ਕੇ ਦੁਲਾਰਦਾ ਹੈ)*** ਪਿੱਠ ਭੂਮੀ ਤੋਂ ਗੀਤ ਦੀਆਂ ਸਤਰਾਂ ਸੁਣਾਈ ਦਿੰਦੀਆਂ ਹਨ।

**ਗੀਤ** : *ਡਾਲਰਾਂ ਦੀ ਦੌੜ ਨੇ ਔਲਾਦ ਸਾਥੋਂ ਖੋਹ ਲਈ,*

*ਲਟਕ ਗਏ ਵਿਚਕਾਰ, ਨਾ ਘਰ ਦੇ ਰਹੇ ਨਾ ਘਾਟ ਦੇ।*

*ਬੁੱਕਲ ਅਸਾਡੀ ਉਡੀਕਦੀ, ਮੁੜ ਆਓ ਸਾਡੇ ਸੋਹਣਿਓਂ,*

*ਮਾਪੇ ਪਏ ਵਿਰਲਾਪਦੇ*


*ਡਾਲਰਾਂ ਦੀ ਦੌੜ ਨੇ....*

***(ਫੇਡ ਆਊਟ ਹੁੰਦਾ ਹੈ)***

–o–

ਨਾਟਕ

# ਰੌਂਕੀ



ਨਾਟਕ ਦਾ ਇਕ ਦ੍ਰਿਸ਼

**ਇਕ ਅਧਿਐਨ**

## *ਕੈਨੇਡੀਅਨ ਪੰਜਾਬੀ ਜੁਆਨੀ ਦੀ ਹਿੰਸਕ ਪ੍ਰਵਿਰਤੀ ਦੇ ਸਨਮੁੱਖ*

# ਨਾਹਰ ਔਜਲਾ ਦਾ ਨਾਟਕ ''ਰੌਕੀ''

**-ਡਾ. ਸਰਬਜੀਤ ਸਿੰਘ ਘੁੰਮਣ**

ਅਸਾਡਾ ਕੈਨੇਡਾ ਦਾ ਪੰਜਾਬੀ ਸਮਾਜ ਵੀ ਹੋਰਨਾਂ ਸਮਾਜਾਂ ਵਰਗਾ ਹੀ ਹੈ। ਇਸ ਵਿਚ ਵੀ ਹੋਰਨਾਂ ਜਿਉਂਦੇ ਜਾਗਦੇ ਸਮਾਜਾਂ ਵਾਂਗ ਵਿਗਾੜ ਆਉਂਦੇ ਹੀ ਰਹਿੰਦੇ ਹਨ। ਇਹ ਇਸੇ ਤਰ੍ਹਾਂ ਹੀ ਕਿ ਜੇ ਸਰੀਰ ਹੈ ਤਾਂ ਸਰੀਰਕ ਰੋਗ ਵੀ ਅਵੱਸ਼ ਹੁੰਦੇ ਹਨ। ਸਮਾਜ ਸੁਧਾਰ ਦੀ ਪ੍ਰਕ੍ਰਿਆ ਰਾਹੀਂ ਜਸ਼ਨ ਮਨਾਉਣ ਦੀ ਵਿਧੀ ਨੂੰ ਅਸੀਂ ਸਰਵੋਤਮ ਵਿਧੀ ਆਖਾਂਗੇ। ਨਾਹਰ ਔਜਲਾ ਅਤੇ ਉਸਦੀ ਟੀਮ 'ਸੁਰਸਾਗਰ' ਟੈਲੀਵਿਜ਼ਨ 'ਤੇ ਆਏ ਨਵੇਂ ਵਰ੍ਹੇ ਦੇ ਦਿਹਾੜੇ 'ਤੇ 'ਸਮਾਜ ਸੁਧਾਰ' ਦੇ ਵਿਸ਼ੇ 'ਤੇ ਟੈਲੀ ਨਾਟਕ ਲੈ ਕੇ ਆਉਂਦੇ ਹਨ। ਭਾਵੇਂ ਅਸੀਂ ਪੰਜਾਬੀ ਸਮਾਜ ਦਾ ਹਿੱਸਾ ਹਾਂ, ਪੰਜਾਬੀਆਂ ਵਾਲੀਆਂ ਚੰਗਿਆਈਆਂ ਬੁਰਾਈਆਂ ਅਸਾਡੇ ਅੰਦਰ ਹਨ ਤਾਂ ਇਥੇ ਕੈਨੇਡਾ ਵਿਚ ਆ ਕੇ ਅਸਾਡਾ ਪਰਿਪੇਖ ਬਦਲ ਜਾਂਦਾ ਹੈ ਅਤੇ ਬਦਲੇ ਪ੍ਰਸੰਗ ਵਿਚ ਅਸਾਡੀਆਂ ਔਕੜਾਂ ਵੀ ਪੰਜਾਬ ਵਿਚ ਰਹਿਣ ਵਾਲਿਆਂ ਨਾਲੋਂ ਵੱਖਰੀਆਂ ਹਨ। ਅਸਾਡੇ ਇਥੋਂ ਵਾਲੇ ਪੰਜਾਬੀ ਸਮਾਜ ਵਿਚ ਆਏ ਵਿਗਾੜ ਵੀ ਵੱਖਰੇ ਹਨ। ਕੋਈ ਬਾਹਰਲਾ ਲੇਖਕ ਓਪਰੀ ਜਿਹੀ ਸਮਝ ਤਾਂ ਇਥੋਂ ਦੀਆਂ ਸਮੱਸਿਆਵਾਂ ਬਾਰੇ ਬਣਾ ਸਕਦਾ ਹੈ। ਪਰ ਇਥੋਂ ਦੇ ਮਸਲਿਆਂ ਬਾਰੇ ਡੂੰਘੀ ਪਕੜ ਸਿਰਫ਼ ਇਥੇ ਲੰਮਾ ਸਮੇਂ ਵਿਚ ਰਹਿ ਕੇ ਹੀ ਆਉਂਦੀ ਹੈ। ਨਾਹਰ ਔਜਲਾ ਨੂੰ ਇਥੇ ਵਿਚਰਦਿਆਂ ਦੋ ਦਹਾਕੇ ਦੇ ਕਰੀਬ ਹੋ ਗਏ ਹਨ। ਸੋ ਇਸ ਵਜ੍ਹਾ ਨਾਲ।

ਹਮ ਹਰ ਇਕ ਸ਼ੋਖ ਕਾ ਅੰਦਾਜ਼-ਏ-ਨਜ਼ਰ ਜਾਨਤੇ ਹੈਂ,<br>
ਹਮ ਨੇ ਇਕ ਉਮਰ ਗੁਜ਼ਾਰੀ ਹੈ ਸਨਮ ਖ਼ਾਨੇ ਮੇਂ।<br>
ਵਾਲੀ ਗੱਲ ਹੈ

ਪਿਛਲੇ ਵਰ੍ਹਿਆਂ ਵਾਂਗ ਹੀ ਔਜਲਾ ਸਾਹਿਬ ਨੇ ਪੰਜਾਬੀ ਯੁਵਕਾਂ ਵਿਚ ਫੈਲੀ ਹਿੰਸਕ ਪ੍ਰਵਿਰਤੀ ਨੂੰ ਨਾਟਕ ਦਾ ਵਿਸ਼ਾ ਵਸਤੂ ਬਣਾਇਆ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਬੀ.ਸੀ. ਵਿਚ ਅਸਾਡੇ ਸੈਂਕੜੇ ਜੁਆਨਾਂ ਨੂੰ ਅਜਿਹੀ ਹਿੰਸਾ ਨਿਗਲ ਗਈ ਹੈ ਅਤੇ ਹੁਣ ਇਹ ਹਿੰਸਾ ਟਰਾਂਟੋ ਏਰੀਆ ਵਿਚ ਵੀ ਸ਼ੁਰੂ ਹੋ ਚੁੱਕੀ ਹੈ। ਇਥੇ ਵੀ ਕਈ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਮਾਹੌਲ ਅਜਿਹਾ ਬਣਾਇਆ ਹੋਇਆ ਹੈ ਕਿ ਜੇਕਰ ਉਪਰਾਲੇ ਨਾ ਕੀਤੇ ਗਏ ਤਾਂ ਹੋਰ ਵਾਪਰਨ ਦਾ ਵੀ ਖਤਰਾ ਹੈ। ਨਾਲ ਹੀ ਇਹ ਨਾਟਕ ਸਮੁੱਚੇ ਕੈਨੇਡਾ ਵਸਦੇ ਕੈਨੇਡੀਅਨ ਪੰਜਾਬੀ ਭਾਈਚਾਰੇ ਲਈ ਹੈ ਅਤੇ ਨਾਹਰ ਔਜਲਾ ਦੇ ਡਰਾਮਿਆਂ ਦੀ ਪਹੁੰਚ ਕੈਨੇਡਾ ਵਿਚ ਸਾਰੇ ਕਿਤੇ ਹੈ। ਪਿਛਲੀ ਵਾਰ ਵੀ ਇਨ੍ਹਾਂ ਦੇ

ਨਾਟਕਾਂ ਨੂੰ ਸਾਰੇ ਕੈਨੇਡਾ ਵਿਚ ਟੀ.ਵੀ. ਰਾਹੀਂ ਵੇਖਿਆ ਗਿਆ ਹੈ। ਡੀ.ਵੀ.ਡੀਜ਼ ਅੱਗੇ ਤੋਂ ਅੱਗੇ ਕਾਪੀ ਹੁੰਦੀਆਂ ਰਹੀਆਂ। ਇਸ ਤਰ੍ਹਾਂ ਉਨ੍ਹਾਂ ਦਾ ਸੁਨੇਹਾ ਸਭ ਕਿਤੇ ਪਹੁੰਚ ਗਿਆ ਅਤੇ ਇਸ ਵਾਰ ਵੀ ਪਹੁੰਚ ਰਿਹਾ ਹੈ।

ਘਰ ਦਾ ਮੁਖੀ ਬੱਚਿਆਂ ਦਾ ਪਿਤਾ ਜੋ ਕਿ ਟਰੱਕ ਚਲਾਉਂਦਾ ਹੈ। ਕਮਾਈ ਕਰਕੇ ਘਰੇ ਸਭ ਦੀਆਂ ਲੋੜਾਂ ਜੋਗਾ ਖੁੱਲ੍ਹਾ ਖਰਚ ਦੇ ਕੇ ਆਪਣੇ ਵਲੋਂ ਸਾਰੇ ਫ਼ਰਜ਼ ਪੂਰੇ ਕਰਦਾ ਹੋਇਆ ਸਮਝਦਾ ਹੈ। ਬੱਚਿਆਂ ਦੀ ਮਾਂ ਜੋ ਘਰ ਦਾ ਤੇ ਬੱਚਿਆਂ ਸਾਰਾ ਫਿਕਰ ਕਰਦੀ ਹੈ ਤੇ ਬੱਚਿਆਂ ਦੀਆਂ ਰੁਚੀਆਂ ਵੇਖ ਕੇ ਭੈਅ ਭੀਤ ਹੈ। ਜਦੋਂ ਕਿ ਬਾਪ ਨੂੰ ਖਤਰਨਾਕ ਹੋਣੀ ਬਾਰੇ ਕੁਝ ਵੀ ਪਤਾ ਨਹੀਂ। ਉਹ ਦੱਬ ਕੇ ਕੰਮ ਕਰਦਾ ਹੈ ਤੇ ਵਿਹਲ ਵੇਲੇ ਸ਼ਰਾਬ ਪੀਂਦਾ ਹੈ।

ਉਨ੍ਹਾਂ ਦਾ ਵੱਡਾ ਬੇਟਾ ਜੋ ਕਿ ਕਈ ਕਾਰਨਾਂ ਕਰਕੇ ਸਕੂਲ ਵਿਚ ਲੜਾਈਆਂ ਵਿਚ ਸ਼ਾਮਲ ਹੋ ਜਾਂਦਾ ਹੈ। ਉਨ੍ਹਾਂ ਦੀ ਭੈਣ ਜੋ ਕਿ ਖ਼ੁਦ ਸਕੂਲ ਵਿਚ ਪੜ੍ਹਦੀ ਹੈ ਆਪਣੇ ਭਰਾਵਾਂ ਨੂੰ ਵਰਜਦੀ ਹੈ, ਪਰ ਜਿਵੇਂ ਕਿ ਆਮ ਜੀਵਨ ਵਿਚ ਹੁੰਦਾ ਹੈ ਮੁੰਡੇ, ਮਾਂ ਤੇ ਭੈਣ ਦੇ ਗੰਭੀਰ ਯਤਨਾਂ ਦੇ ਬਾਵਜੂਦ ਵੀ ਸਿੱਧੇ ਰਾਹ ਨਹੀਂ ਆਉਂਦੇ। ਜਿਵੇਂ ਕਿ ਸਾਈਕਾਲੋਜੀ ਦੇ ਮਾਹਿਰ ਜਾਣਕਾਰ ਵੀ ਪਰਿਵਾਰਕ ਮਨੋਵਿਗਿਆਨ ਬਾਰੇ ਦੱਸਦੇ ਹਨ ਕਿ ਵੱਡਾ ਭਰਾ ਛੋਟੇ ਭਰਾ ਲਈ ਪ੍ਰੇਰਨਾਸਰੋਤ ਹੁੰਦਾ ਹੈ। ਵੱਡੇ ਭਰਾ ਦਾ ਕਾਫੀ ਰੋਅਬ ਦਾਬ ਹੈ ਤੇ ਉਹ ਲੜਾਈਆਂ ਭਿੜਾਈਆਂ ਵਿਚ ਸ਼ਾਮਲ ਹੁੰਦਾ ਹੈ। ਛੋਟਾ ਵੀ ਉਹੋ ਜਿਹਾ ਬਣਨਾ ਚਾਹੁੰਦਾ ਹੈ। ਹਰ ਵੇਲੇ ਮੈਂ ਜੱਟ ਹਾਂ, ਜੱਟ ਹਾਂ ਦੀ ਰੱਟ ਲਗਾਈ ਰੱਖਦਾ ਹੈ। ਜਿਸ ਨਾਲ ਉਸਦੀ ਮੌਤ ਹੋ ਗਈ ਭਰਾ ਦੇ ਦੁਸ਼ਮਣ ਛੋਟੇ ਭਰਾ ਨੂੰ ਚਾਕੂ ਮਾਰ ਜਾਂਦੇ ਹਨ।

ਘਟਨਾਕਰਮ ਬਹੁਤ ਤੇਜ਼ੀ ਨਾਲ ਚਲਦਾ ਹੈ। ਇਸ ਵਿਚ ਗਰੇਵਾਲ ਤੇ ਇਕ ਹੋਰ ਨੌਜਵਾਨ ਵੀ ਪਾਤਰ ਹਨ। ਨੌਜਵਾਨ ਉਧਾਰ ਡਾਲਰ ਲੈ ਕੇ ਡੋਡੇ ਪੀਣ ਲਈ ਲੈ ਜਾਂਦਾ ਹੈ ਜਦੋਂ ਕਿ ਬਹਾਨਾ ਘਰ ਵਾਲੀ ਦੀ ਕੈਂਸਰ ਦੀ ਦੁਆਈ ਦਾ ਲਾਉਂਦਾ ਹੈ। ਇਹ ਨਾਟਕ ਦਰਅਸਲ ਅਸਾਡੇ ਕੈਨੇਡੀਅਨ ਪੰਜਾਬੀ ਸਮਾਜ ਦੀ ਨਿਘਰੀ ਜਾ ਰਹੀ ਹਾਲਤ ਦੀ ਸਹੀ ਤਸਵੀਰ ਕਸ਼ੀ ਕਰਦਾ ਹੈ।

ਕਾਲੀ ਦਾਸ ਦੇ ਸੰਸਕ੍ਰਿਤ ਨਾਟਕਾਂ ਵਿਚ ਵੀ ਭਾਸ਼ਾ ਪਾਤਰਾਂ ਦੇ ਅਨੁਕੂਲ ਹੈ। ਕਾਲੀ ਦਾਸ ਦੇ ਨਾਟਕਾਂ ਵਿਚ ਪੜ੍ਹੇ ਲਿਖੇ ਲੋਕ ਸੰਸਕ੍ਰਿਤ ਬੋਲਦੇ ਹਨ ਜਦੋਂ ਅਨਪੜ੍ਹ ਪਾਤਰ ਪ੍ਰਾਕਿਰਤਕ ਭਾਸ਼ਾ ਦਾ ਉਪਯੋਗ ਕਰਦੇ ਹਨ। ਇਸੇ ਤਰ੍ਹਾਂ ਇਥੇ ਜੰਮੇ ਪਲੇ ਬੱਚੇ ਜਿਸ ਸਹਿਜਤਾ ਨਾਲ ਅੰਗਰੇਜ਼ੀ ਬੋਲਦੇ ਹਨ ਉਸ ਸਹਿਜਤਾ ਨਾਲ ਪੰਜਾਬੀ ਨਹੀਂ ਬੋਲਦੇ। ਬੱਚਿਆਂ ਦੀ ਭਾਸ਼ਾ ਬਿਲਕੁਲ ਉਸੇ ਤਰ੍ਹਾਂ ਹੀ ਰੱਖੀ ਗਈ ਹੈ।

ਨਾਟਕ ਵਿਚ ਸਾਰੇ ਪਾਤਰਾਂ ਨੇ ਬਹੁਤ ਹੀ ਸਹਿਜਤਾ ਨਾਲ ਅਭਿਨੈ ਕੀਤਾ ਹੈ। ਮੇਰੀ ਪਾਠਕਾਂ ਨੂੰ ਰਾਏ ਹੈ ਕਿ ਜੇਕਰ ਉਨ੍ਹਾਂ ਇਹ ਨਾਟਕ ਦੇਖਿਆ ਹੈ ਤਾਂ ਠੀਕ ਹੈ, ਜੇਕਰ ਨਹੀਂ ਦੇਖ ਸਕੇ ਤਾਂ ਕਿਤੋਂ ਨਾ ਕਿਤੋਂ ਡੀ.ਵੀ.ਡੀ. ਹਾਸਲ ਕਰਕੇ ਜ਼ਰੂਰ ਦੇਖਣ। ਨਾਹਰ ਸਿੰਘ ਔਜਲਾ ਜੀ ਅਤੇ ਉਨ੍ਹਾਂ ਦੀ ਟੀਮ ਇਸ ਬਹੁਤ ਉੱਤਮ ਅਤੇ ਭਾਵਪੂਰਤ ਪੇਸ਼ਕਾਰੀ ਲਈ ਸਨਮਾਨਤ ਕੀਤੇ ਜਾਣੇ ਚਾਹੀਦੇ ਹਨ।

# ਰੌਂਕੀ

## *ਪਾਤਰ*

| | | |
|---|---|---|
| ਅਮਨਪਾਲ | : | ਕੈਨੇਡਾ ਸਥਾਪਿਤ ਕਮਾਊ ਵਿਅਕਤੀ |
| ਰਵਿੰਦਰ ਕੌਰ | : | ਅਮਨਪਾਲ ਦੀ ਪਤਨੀ |
| ਵਿੱਕੀ | : | ਅਮਨਪਾਲ ਦਾ ਵੱਡਾ ਪੁੱਤਰ |
| ਨਵੀ | : | ਅਮਨਪਾਲ ਦੀ ਸਪੁੱਤਰੀ |
| ਰੌਂਕੀ | : | ਅਮਨਪਾਲ ਦਾ ਛੋਟਾ ਪੁੱਤਰ |
| ਫਿੱਡੂ | : | ਨਸ਼ੇ ਦਾ ਆਦੀ ਵਿਹਲੜ ਵਿਅਕਤੀ |
| ਹਰਬੰਸ | : | ਅਮਨਪਾਲ ਦਾ ਗੁਆਂਢੀ |
| ਹਰਜੀਤ | : | ਅਮਨਪਾਲ ਦਾ ਮਿੱਤਰ |
| ਮਨਦੀਪ | : | ਹਰਜੀਤ ਸਿੰਘ ਦੀ ਪਤਨੀ |

**ਸੀਨ 1**

*(ਪਰਦਾ ਉੱਠਦਿਆਂ ਹੀ ਹਰਬੰਸ ਦੇ ਘਰ ਦਾ ਦ੍ਰਿਸ਼ ਦਿਖਾਈ ਦਿੰਦਾ ਹੈ, ਹਰਬੰਸ ਦੇ ਘਰ ਦੇ ਦਰਵਾਜੇ ਤੇ ਲੱਗੀ ਬੈੱਲ ਵੱਜਦੀ ਹੈ।? ਹਰਬੰਸ ਸਿੰਘ ਦਰਵਾਜ਼ਾ ਖੋਲ੍ਹਦਾ ਹੈ, ਦਰਵਾਜ਼ਾ ਖੁੱਲ੍ਹਦਿਆਂ ਹੀ ਅੱਗੇ ਅਮਨਪਾਲ ਖੜ੍ਹਾ ਹੁੰਦਾ ਹੈ)*

**ਅਮਨਪਾਲ** : ਕੀ ਹਾਲ ਨੇ ਤੁਹਾਡੇ ਗਰੇਵਾਲ ਸਾਹਿਬ?

**ਹਰਬੰਸ** : ਤੈਨੂੰ ਪਤਾ ਹੀ ਹੈ, ਸਾਡਾ ਬੁੱਢਿਆਂਦਾ ਹਾਲ ਚਾਲ ਜਿਹੋ ਜਿਹਾ ਹੁੰਦੈ ਇੱਥੇ ਕੈਨੇਡਾ 'ਚ, ਪਰ ਤੂੰ ਸੁਣਾ ਕਿਵੇਂ ਲੱਗਿਆ ਅੱਜ ਗੇੜਾ ਇੱਧਰ?

**ਅਮਨਪਾਲ** : ਮੈਂ ਤਾਂ ਦਲਬੀਰ ਨੂੰ ਮਿਲਣ ਲਈ ਆਇਆ ਸੀ।

**ਹਰਬੰਸ** : ਬਈ ਦਲਬੀਰ ਤਾਂ ਇਸ ਵਕਤ ਘਰ ਨਹੀਂ ਹੈ।

**ਅਮਨਪਾਲ** : ਮੈਂ ਫਿਰ ਚਲਦਾ, ਫੇਰ ਫੋਨ ਕਰਕੇ ਗੱਲ ਕਰ ਲਵਾਂਗਾ *(ਪਿੱਛੇ ਨੂੰ ਮੁੜਨ ਲੱਗਦਾ ਹੈ)*

**ਹਰਬੰਸ** : ਬਈ ਜੇ ਦਲਬੀਰ ਘਰ ਨਹੀਂ , ਪਰ ਮੈਂ ਤਾਂ ਘਰ ਹਾਂ। ***(ਅਮਨਪਾਲ ਉੱਥੇ ਹੀ ਰੁੱਕ ਜਾਂਦਾ ਹੈ, ਹਰਬੰਸ ਉਸਦਾ ਹੱਥ ਫੜ ਅੰਦਰ ਵੱਲ ਖਿੱਚਦਾ ਹੈ)*** ਆ ਬੈਠ ਦਲਬੀਰ ਵੀ ਆ ਜਾਵੇਗਾ।

**ਅਮਨਪਾਲ** : ਮੈਂ ਅੱਜ ਥੋੜਾ ਬਿਜ਼ੀ ਹਾਂ, ਫੇਰ ਕਦੇ ਆਵਾਂਗਾ।

**ਹਰਬੰਸ** : ਆ ਜਾ, ਥੋੜ੍ਹੀ ਦੇਰ ਬੈਠ ਕੇ ਚਲਿਆ ਜਾਵੀਂ।

***(ਦੋਵੇਂ ਸੋਫ਼ੇ 'ਤੇ ਬੈਠਦੇ ਹਨ)***

ਬਈ ਅਮਨਪਾਲ ਇੱਕ ਗੱਲ ਪੁੱਛਾਂ, ਗੁੱਸਾ ਨਾ ਕਰੀਂ

**ਅਮਨਪਾਲ** : ਜ਼ਰੂਰ ਪੁੱਛੋ।

**ਹਰਬੰਸ** : ਇੱਥੇ ਕਨੇਡਾ 'ਚ ਲੋਕ ਬੜੇ ਰੁੱਖੇ ਜਿਹੇ ਹਨ, ਬਿਨਾਂ ਮਤਲਬ ਤੋਂ ਤਾਂ ਕਿਸੇ ਦੇ ਦੁੱਖ ਸੁੱਖ 'ਚ ਵੀ ਸ਼ਰੀਕ ਨਹੀਂ ਹੁੰਦੇ।

**ਅਮਨਪਾਲ** : ਕੈਨੇਡਾ ਦੀ ਜ਼ਿੰਦਗੀ ਹੀ ਰੁਝੇਵਿਆਂ ਭਰੀ ਐ, ਤੁਸੀਂ ਹੁਣ ਜ਼ੁੰਮੇਵਾਰੀਆਂ ਨਿਪਟਾ ਕੇ ਵਿਹਲੇ ਹੋ ਗਏ, ਤੁਹਾਨੂੰ ਤਾਂ ਹੀ ਮਹਿਸੂਸ ਹੁੰਦੈ।

**ਹਰਬੰਸ** : ਅਜੇ ਕਿੱਥੇ ਵਿਹਲੇ, ਮੇਰਾ ਕੰਮ ਤਾਂ ਫੈਕਟਰੀ ਦੇ ਕੰਮ ਤੋਂ ਵੀ ਵੱਧ ਔਖੈ, ਹਰ ਰੋਜ਼ ਤਿੰਨ ਜੁਆਕ ਸਾਂਭਣੇ ਪੈਂਦੇ ਨੇ, ਇਸ ਕੰਮ ਨਾਲੋਂ ਤਾਂ ਫੈਕਟਰੀ 'ਚ ਕੰਮ ਕਰਨਾ ਕਿਤੇ ਸੌਖਾ ਹੈ।

**ਅਮਨਪਾਲ** : ਦਲਬੀਰ ਦੇ ਤਿੰਨ ਬੱਚੇ ਹਨ?

**ਹਰਬੰਸ** : ਤਿੰਨੇ ਕੁੜੀਆਂ ਨੇ, ਅਗਰ ਇੱਕ ਮੁੰਡਾ ਹੋ ਜਾਂਦਾ ਤਾਂ ਘਰ 'ਚ ਖੁਸ਼ੀਆਂ ਹੋ ਜਾਣੀਆਂ ਸਨ।

**ਅਮਨਪਾਲ**: ਜੇ ਮੁੰਡਾ ਹੋ ਜਾਂਦਾ ਫੇਰ ਵੀ ਕੀ ਫਰਕ ਪੈਣਾ ਸੀ। ਇਥੇ ਮੁੰਡੇ ਕੁੜੀਆਂ 'ਚ ਕੋਈ ਫਰਕ ਨਹੀਂ। ਕੁੜੀਆਂ ਸਗੋਂ ਮੁੰਡਿਆਂ ਨਾਲੋਂ ਵੱਧ ਪਿਆਰ ਕਰਦੀਆਂ ਨੇ।

**ਹਰਬੰਸ**: ਪਿਆਰ ਤਾਂ ਮੇਰੀਆਂ ਪੋਤੀਆਂ ਵੀ ਬਹੁਤ ਕਰਦੀਆਂ ਨੇ ਪਰ ਕੋਹੜਨਾਂ ਅੰਗਰੇਜ਼ੀ ਓ ਬੋਲਦੀਆਂ ਰਹਿੰਦੀਆਂ ਨੇ ਜਿਹੜੀ ਮੈਨੂੰ ਸਮਝ ਨੀਂ ਆਉਂਦੀ। ਬਸ ਕਾਰਟੂਨ ਈ ਦੇਖਣ ਲੱਗੀਆਂ ਰਹਿੰਦੀਆਂ ਨੇ।

**ਅਮਨਪਾਲ** : ਘਰ 'ਚ ਤਾਂ ਬੱਚਿਆਂ ਨਾਲ ਪੰਜਾਬੀ 'ਚ ਗੱਲਬਾਤ ਕੀਤੀ ਜਾਵੇ ਤਾਂ ਚੰਗਾ ਹੁੰਦਾ, ਇੰਗਲਿਸ਼ ਤਾਂ ਇਹਨਾਂ ਨੇ ਸਿੱਖ ਹੀ ਲੈਣੀ ਐ।

**ਹਰਬੰਸ** : ਮੈਂ ਤਾਂ ਦਲਬੀਰ ਨੂੰ ਵੀ ਬਥੇਰਾ ਕਹਿਨਾ, ਬਈ ਬੱਚਿਆਂ ਨਾਲ ਪੰਜਾਬੀ

ਬੋਲਣ ਪਰ ਉਹ ਤੇ ਉਹਦੇ ਘਰਵਾਲੀ ਇਹਨਾਂ ਨਾਲ ਇੰਗਲਿਸ਼ ਵਿੱਚ ਹੀ ਗੱਲ ਕਰਦੇ ਹਨ। ਮੈਂ ਤਾਂ ਹੋਰ ਹੀ ਗੱਲਾਂ ਛੇੜ ਬੈਠਾਂ ਤੁਹਾਨੂੰ ਚਾਹ ਪਾਣੀ ਹੀ ਪੁੱਛਣਾ ਭੁੱਲ ਗਿਆ। ਮੈਂ ਤਾਂ ਪੈੱਗ ਲਾ ਰਿਹਾ ਸੀ, ਤੁਸੀਂ ਵੀ ਲਵੋ ਇੱਕ ***(ਗਲਾਸ ਚੁੱਕ ਕੇ ਪੈੱਗ ਪਾਉਣ ਲੱਗਦਾ ਹੈ)***।

**ਅਮਨਪਾਲ** : ਤੁਸੀਂ ਮੈਨੂੰ ਨਾ ਪਾਇਉ, ਮੇਰੀ ਅੱਜ ਸਿਹਤ ਠੀਕ ਨਹੀਂ ਹੈ, ਕੁਝ ਠੰਡ ਜਿਹੀ ਲੱਗੀ ਹੋਈ ਐ।

**ਹਰਬੰਸ** : ਬਈ ਠੰਡ ਲਈ ਇਸ ਤੋਂ ਵਧੀਆ ਦਵਾਈ ਹੋਰ ਕਿਹੜੀ ਹੋ ਸਕਦੀ ਹੈ, ਘਰ ਦੀ ਕੱਢੀ ਹੋਈ ਹੈ। ***(ਗਲਾਸ ਮੱਲੋ ਮਲੀ ਅਮਨਪਾਲ ਦੇ ਹੱਥ ਫੜਾ ਦਿੰਦਾ ਹੈ)***

***(ਫਿੱਡੂ ਅਚਾਨਕ ਹੀ ਅੰਦਰ ਆਉਂਦਾ ਹੈ)***

ਫਿੱਡੂ : ***(ਹਰਬੰਸ ਵੱਲ ਵੇਖ ਕੇ)*** ਹਾਏ ਅੰਕਲ

ਹਰਬੰਸ : ਬਈ ਲੈ ਫਿੱਡੂ ਵੀ ਆ ਗਿਐ, ਇੱਕ ਆਹ ਬੰਦਾ ਹੈ ਜਿਹੜਾ ਮੈਨੂੰ ਕਦੀ ਕਦਾਈ ਮਿਲ ਜਾਂਦੈ ਤੇ ਨਾਲੇ ਪੈੱਗ ਸ਼ੈੱਗ ਲਾ ਜਾਂਦੈ।

***(ਇੱਕ ਗਲਾਸ 'ਚ ਫਿੱਡੂ ਨੂੰ ਪਾਉਂਦਾ ਹੈ)*** ਲੈ ਖਿੱਚਦੇ ਫਿੱਡੂਆ।

ਫਿੱਡੂ : ***(ਗਲਾਸ ਫੜ੍ਹਦਾ ਹੈ)*** ਨੋ ਪਰਾਬਲਮ ਅੰਕਲ।

ਅਮਨਪਾਲ : ***(ਫਿੱਡੂ ਵੱਲ ਦੇਖ ਕੇ)*** ਲੱਗਦੈ ਮੈਂ ਤੁਹਾਨੂੰ ਕਿਤੇ ਪਹਿਲਾਂ ਵੀ ਦੇਖਿਆ।

ਫਿੱਡੂ : ਵਟ ਇਜ਼ ਯੂਅਰ ਨੇਮ ਅੰਕਲ? ***(ਅਮਨਪਾਲ ਕੁਝ ਨਹੀਂ ਬੋਲਦਾ)***

ਹਰਬੰਸ : ਉਏ ਲਗਦਿਆ ਅੰਕਲ ਦਿਆ, ਮੈਂ ਤੈਨੂੰ ਪਹਿਲਾਂ ਵੀ ਕਈ ਵਾਰ ਟੋਕਿਆ ਬਈ ਮੇਰੇ ਵਰਗੇ ਅਨਪੜ੍ਹ ਕੋਲ ਆ ਕੇ ਅੰਗਰੇਜ਼ੀ ਨਾ ਘੋਟਿਆ ਕਰ। ਅਮਨਪਾਲ, ਭਾਵੇਂ ਅਸੀਂ ਹੁਣ ਸਿੱਧੇ ਤੌਰ 'ਤੇ ਗੋਰਿਆਂ ਦੇ ਗੁਲਾਮ ਨਹੀਂ ਹਾਂ ਪਰ ਜਿਹਨੀਅਤ ਤੌਰ 'ਤੇ ਅਸੀਂ ਅਜੇ ਵੀ ਉਨ੍ਹਾਂ ਦੀ ਗੁਲਾਮੀ ਕਬੂਲੀ ਹੋਈ ਹੈ। ਉਹਨਾਂ 'ਚੋਂ ਹੀ ਇੱਕ ਇਹ ਸਾਡਾ ਫਿੱਡੂ ਵੀ ਐ।

ਫਿੱਡੂ : ਓ.ਕੇ, ਓ.ਕੇ. ਅੰਕਲ ਤੁਸੀਂ ਬਿਨਾਂ ਕਿਸੇ ਗੱਲ ਤੋਂ ਹੀ ਬੰਦੇ ਦੀ ਇਨਸਲਟ ਕਰ ਦਿੰਦੇ ਹੋ, ਮੈਂ ਅੱਜ ਤੁਹਾਡੇ ਕੋਲ ਆਉਣਾ ਨਹੀਂ ਸੀ, ਮੈਂ ਤਾਂ ਆਹ ਅੰਕਲ ਹੋਰਾਂ ਨੂੰ ਅੰਦਰ ਵੜਦੇ ਦੇਖ ਲਿਆ ਸੀ, ਤਾਂ ਆ ਗਿਆ, ਸੋਚਿਆ ਕਿ ਸ਼ਾਇਦ ਇਹ ਹੀ ਮੇਰੀ ਮਦਦ ਕਰ ਦੇਣ।

ਅਮਨਪਾਲ : ਤੁਸੀਂ ਦੱਸੋ ਤਾਂ ਸਹੀ, ਕੀ ਗੱਲ ਐ, ਆਪਾਂ ਤਾਂ ਦੋਸਤਾਂ ਲਈ ਜਾਨ ਵਾਰਨ ਤੱਕ ਜਾਈਦੈ। ਬੋਲ ਕੀ ਚਾਹੁੰਦੈਂ?

ਹਰਬੰਸ : *(ਅਮਨਪਾਲ ਵੱਲ ਦੇਖ ਕੇ)* ਲੱਗਦੈ ਅਸਰ ਦਿਖਾਉਣ ਲੱਗ ਪਈ ਐ, ਘਰ ਦੀ ਕੱਢੀ ਹੋਈ।

ਫਿੱਡੂ : ਅੰਕਲ ਮੇਰੀ ਵਾਈਫ ਨੂੰ ਕੈਂਸਰ ਦੀ ਬਿਮਾਰੀ ਐ, *(ਭਾਵੁਕ ਜਿਹਾ ਹੋ ਕੇ ਰੋਣ ਲੱਗਦਾ ਹੈ)* ਡਾਕਟਰ ਨੇ ਦਵਾਈਆਂ ਲਿਖ ਕੇ ਦੇ ਦਿੱਤੀਆਂ ਹਨ। ਕੰਮ ਤੋਂ ਮੇਰਾ ਚੈੱਕ ਦੋ ਵੀਕਾਂ ਬਾਅਦ ਮਿਲਦਾ ਹੈ, ਅੱਜ ਮੈਨੂੰ ਜ਼ਰੂਰੀ ਪੰਜਾਹ ਡਾਲਰ ਚਾਹੀਦੇ ਹਨ। ਅਗਲੇ ਹਫ਼ਤੇ ਮੋੜ ਦਿਆਂਗਾ।

*(ਅਮਨਪਾਲ ਭਾਵੁਕ ਹੋ ਕੇ 50 ਡਾਲਰ ਦੇ ਦਿੰਦਾ ਹੈ)*

**ਫਿੱਡੂ** : ਥੈਂਕ ਯੂ ਅੰਕਲ *(ਇੱਕ ਪੈੱਗ ਹੋਰ ਪਾ ਕੇ ਲਾਉਂਦਾ ਹੈ ਤੇ ਉੱਠ ਕੇ ਤੁਰ ਜਾਂਦਾ ਹੈ)*

**ਹਰਬੰਸ** : ਫਿੱਡੂ ਲਾ ਗਿਆ ਨਾ 50 ਡਾਲਰ ਦੀ ਠੱਗੀ, ਮੈਂ ਤੈਨੂੰ ਇਸ਼ਾਰੇ ਕਰਦਾ ਰਿਹਾ... ਪਰ ਤੂੰ ਦੇਖਿਆ ਹੀ ਨਹੀਂ। ਹੁਣ ਜਾ ਕੇ ਪੀਊ ਡੋਡੇ, ਫੇਰ ਘੋਟੂ ਅੰਗਰੇਜ਼ੀ।

**ਅਮਨਪਾਲ** : ਅੱਛਾ! ਜੇ ਇਹ ਲੋਕਾਂ ਨਾਲ ਇਸ ਤਰ੍ਹਾਂ ਠੱਗੀ ਮਾਰਦੈ, ਫੇਰ ਤੁਸੀਂ ਉਸਨੂੰ ਇਥੇ ਵੜਨ ਹੀ ਕਿਉਂ ਦਿੰਦੇ ਓ?

**ਹਰਬੰਸ** : ਬਈ, ਇਹ ਇੱਕੋ ਇੱਕ ਬੰਦਾ, ਜਿਹੜਾ ਕਈ ਕਦਾਈ ਮੇਰੇ ਨਾਲ ਗੱਲਾਂ ਕਰ ਜਾਂਦੈ, ਇਹ ਕਮਲੀਆਂ ਮਾਰਦਾ ਰਹਿੰਦਾ ਤੇ ਮੈਂ ਹੱਸਦਾ ਰਹਿਨਾ। 20 ਡਾਲਰ ਤਾਂ ਇਹ ਇੱਕ ਵਾਰ ਮੇਰੇ ਕੋਲੋਂ ਵੀ ਲੈ ਗਿਆ ਸੀ। ਅੱਜ ਤੱਕ ਨਹੀਂ ਮੋੜੇ।

**ਅਮਨਪਾਲ** : ਅੰਕਲ ਮੈਂ ਚੱਲਦਾ, ਕਾਫੀ ਦੇਰ ਹੋ ਗਈ।

**ਹਰਬੰਸ** : ਅਮਨਪਾਲ, ਤੂੰ ਬੜੀ ਦੇਰ ਬਾਅਦ ਮਿਲਿਐ, ਮੈਂ ਤੇਰੇ ਨਾਲ ਦੁੱਖ ਸੁੱਖ ਸਾਂਝੇ ਕਰਨੇ ਨੇ, ਆ ਬਾਹਰ ਚਲਦੇ ਆਂ, ਏਥੇ ਨੂੰਹ ਨੇ ਸੁਣ ਲਿਆ ਤਾਂ ਝਗੜਾ ਕਰੇਗੀ।

(*ਦੋਵੇਂ ਸਟੇਜ ਦੇ ਇਕ ਕੋਨੇ 'ਚ ਜਾਂਦੇ ਹਨ ਤੇ ਬਹੁਤ ਧੀਮੀ ਆਵਾਜ਼ ਵਿਚ ਗੱਲ ਕਰਦੇ ਹਨ। ਪਿੱਛਿਉਂ ਮਿਊਜ਼ਿਕ ਦੀ ਆਵਾਜ਼ ਆ ਰਹੀ ਹੈ। ਸਟੇਜ 'ਤੇ ਲਾਈਟ ਫੇਡ ਹੋ ਜਾਂਦੀ ਹੈ।*)

**ਅਮਨਪਾਲ** : ਕਿਸੇ ਦਿਨ ਫੇਰ ਸਹੀ... ਅੱਜ ਤਾਂ ਮੈਂ ਕਿਸੇ ਫੰਕਸ਼ਨ 'ਤੇ ਜਾਣੈ... ਅੱਛਾ ਦਲਬੀਰ ਨੂੰ ਦੱਸ ਦੇਣਾ।

*(ਅਮਨਪਾਲ ਤੇਜ਼ੀ ਨਾਲ ਨਿਕਲਦਾ ਹੈ)*

## ਸੀਨ-2

**ਅਮਨਪਾਲ ਦੇ ਘਰ ਦਾ ਦ੍ਰਿਸ਼**

***(ਵਿੱਕੀ ਕੱਪੜੇ ਪਾ ਕੇ ਬਾਹਰ ਜਾਣ ਲਈ ਤਿਆਰ ਹੁੰਦਾ ਹੈ, ਵਿੱਕੀ ਦਾ ਛੋਟਾ ਭਰਾ ਰੌਕੀ ਪੁੱਛਦਾ ਹੈ।)***

**ਰੌਕੀ** : Where are you going bro ? *(ਕਿੱਧਰ ਜਾ ਰਿਹੈਂ ਵੀਰੇ?)*

**ਵਿੱਕੀ** : Just to chill *(ਐਵੇਂ ਈ ਘੁੰਮਣ ਫਿਰਨ)*

**ਰੌਕੀ** : I wanna go with you. ***(ਮੈਂ ਵੀ ਤੇਰੇ ਨਾਲ ਜਾਣੈ)***

**ਰਵਿੰਦਰ** : ਵਿੱਕੀ ਬੇਟਾ ਚਾਹ ਬਣਗੀ।

**ਵਿੱਕੀ** : I don't want tea any more. *(ਨਹੀਂ ਮੰਮੀ ਮੈਨੂੰ ਚਾਹ ਨਹੀਂ ਚਾਹੀਦੀ।)*

**ਰਵਿੰਦਰ** : ਅਜੇ ਦਸ ਮਿੰਟ ਪਹਿਲਾਂ ਤਾਂ ਤੂੰ ਚਾਹ ਮੰਗਦਾ ਸੀ।

**ਰੌਕੀ** : ***(ਮਾਮ ਵੱਲ ਦੇਖ ਕੇ)*** ਹੁਣ ਅਸੀਂ ਬਾਹਰ ਜਾ ਕੇ ਬੀਅਰ ਪੀਵਾਂਗੇ।

**ਰਵਿੰਦਰ** : ***(ਪਿਆਰ ਨਾਲ ਝਿੜਕਦੀ ਹੋਈ)*** ਤੈਨੂੰ ਤਾਂ ਪਿਲਾਵਾਂ ਬੀਅਰ।

(ਫੇਰ ਵਿੱਕੀ ਵੱਲ ਦੇਖਦੀ ਹੋਈ) ਵਿੱਕੀ ਤੂੰ ਪਿਛਲੇ ਹਫ਼ਤੇ ਬਾਹਰ ਜਾ ਕੇ ਝਗੜਾ ਕਰ ਲਿਆ ਸੀ, ਅੱਜ ਫੇਰ ਚੱਲਿਐਂ, ਅੱਜ ਕੋਈ ਗੱਲ ਹੋਈ ਫੇਰ ਮੈਥੋਂ ਬੁਰਾ ਕੋਈ ਨਹੀਂ।

**ਵਿੱਕੀ** : ***(ਮੋਢਾ ਜਿਹਾ ਮਾਰ ਕੇ ਦੂਰ ਨੂੰ ਹੋ ਜਾਂਦਾ ਹੈ)*** ਮੈਂ ਲੜਾਈ ਸ਼ੁਰੂ ਨੀ ਕਰਦਾ, ਬੱਸ ਮੁਕਾਉਂਦਾ ਹਾਂ। *(I do't start, what finish it.)*

**ਰੌਕੀ** : ਮਾਮ ਏਹਨੂੰ ਜਾਣ ਦੇ, ਅੱਜ ਕੋਈ ਨੀ ਲੜ ਸਕਦੈ ਸਾਡੇ ਨਾਲ।

*(Mom let him go, nobody there to mess with him today.)*

**ਰਵਿੰਦਰ** : ਅੱਜ ਕੀ ਗੱਲ ਐ?

**ਰੌਕੀ** : ਮੈਂ ਨਾਲ ਜਾ ਰਿਹਾਂ, ਮੈਂ ਸਾਰਿਆਂ ਨੂੰ ਕੁੱਟ ਦਿਆਂਗਾ। *(I am going with him, I will take thim.)*

**ਰਵਿੰਦਰ** : ਤੈਨੂੰ ਲੜਾਈ ਤੋਂ ਬਿਨਾਂ ਹੋਰ ਕੁਝ ਨੀ ਸੁੱਝਦਾ।

**ਰੌਕੀ** : ਮੈਂ ਜੱਟ ਆਂ, ਜੱਟ। *(I am jatt.)*

**ਰਵਿੰਦਰ** : ਤੈਨੂੰ ਕੀਹਨੇ ਕਹਿ ਦਿਤੈ, ਬਈ ਜੱਟ ਲੜਾਈਆਂ ਹੀ ਕਰਦੇ ਨੇ?

***(ਰੌਕੀ ਜਵਾਬ 'ਚ ਮੁਸਕਰਾਉਂਦਾ ਹੈ)***

***(ਰਵਿੰਦਰ ਫੇਰ ਕਿਚਨ ਦੇ ਕੰਮ 'ਚ ਜਾ ਲਗਦੀ ਹੈ)***

***(ਵਿੱਕੀ ਨੂੰ ਜਿਵੇਂ ਕੋਈ ਕੰਮ ਯਾਦ ਆ ਗਿਆ ਹੋਵੇ, ਉਹ ਅੰਦਰ ਚਲਿਆ ਜਾਂਦਾ ਹੈ, ਰੌਕੀ ਉਥੇ ਖੜ੍ਹਾ ਰਹਿੰਦਾ ਹੈ, ਨਵੀ ਅੰਦਰੋਂ ਬਾਹਰ ਆਉਂਦੀ ਹੈ)***

**ਨਵੀ** : ***(ਰੌਕੀ ਨੂੰ)*** Hey, can I Talk to you *(ਰੌਕੀ ਮੈਂ ਤੇਰੇ ਨਾਲ ਗੱਲ ਕਰ ਸਕਦੀ ਆਂ)*

**ਰੌਕੀ** : yes *(ਹਾਂ)*

**ਨਵੀ** : I know you realy lookup to Vicky,he is not a good role model. The path you are taking.... you do not want to end up like him. *(ਮੈਨੂੰ ਪਤਾ ਤੂੰ ਵਿੱਕੀ ਵਰਗਾ ਬਣਨਾ ਚਾਹੁੰਨੈਂ, ਪਰ ਉਹ ਤੇਰੇ ਲਈ ਕੋਈ ਵਧੀਆ ਰੋਲ ਮਾਡਲ ਨਹੀਂ ਹੈ। ਜਿਹੜੇ ਰਸਤੇ ਨੂੰ ਤੂੰ ਚੁਣ ਰਿਹੈਂ... ਤੈਨੂੰ ਨਹੀਂ ਲੱਗਦੈ ਕਿ ਇਸ ਦਾ ਅੰਤ ਵਧੀਆ ਨਹੀਂ ਹੈ?)*

**ਰੌਕੀ** : Why not? *(ਕਿਉਂ ਨਹੀਂ?)*

**ਨਵੀ** : Why would you? He is headed absolutly no where in life. He dropped of high school. He gets in fights every second day, that is not who you want to be *(ਤੂੰ ਉਸਦੇ ਰਸਤੇ ਤੇ ਕਿਉਂ ਚਲਦੈ, ਉਹ ਜਿਸ ਰਸਤੇ 'ਤੇ ਚਲ ਰਿਹੈ, ਉਸ ਨਾਲ ਉਹ ਜ਼ਿੰਦਗੀ 'ਚ ਕੁਝ ਵੀ ਪ੍ਰਾਪਤ ਨਹੀਂ ਕਰ ਸਕੇਗਾ। ਉਸਨੇ ਆਪਣੀ ਹਾਈ ਸਕੂਲ ਦੀ ਪੜ੍ਹਾਈ ਵਿਚਕਾਰ ਹੀ ਛੱਡ ਦਿੱਤੀ ਐ, ਉਹ ਹਰ ਦੂਜੇ ਦਿਨ ਲੜਾਈ 'ਚ ਉਲਝਿਆ ਰਹਿੰਦਾ ਹੈ, ਇਹ ਰਾਹ ਤੇਰਾ ਰਾਹ ਨਹੀਂ ਹੋ ਸਕਦਾ।)*

**ਰੌਕੀ** : he plays with me, that takes me places. I do want to be like him. You making him sound like a bad person,

he is not a bad person. *(ਤੇਰੀਆਂ ਗੱਲਾਂ 'ਚੋਂ ਇਸ ਤਰ੍ਹਾਂ ਲੱਗਦੈ ਜਿਵੇਂ ਉਹ ਬੁਰਾ ਆਦਮੀ ਹੋਵੇ, ਪਰ ਉਹ ਬੁਰਾ ਨਹੀਂ ਹੈ। ਉਹ ਮੇਰੇ ਨਾਲ ਖੇਡਦਾ ਹੈ, ਮੈਨੂੰ ਘੁਮਾਉਂਦਾ ਹੈ, ਮੈਂ ਸੱਚਮੁੱਚ ਹੀ ਉਸ ਵਰਗਾ ਬਣਨਾ ਚਾਹੁੰਦਾ ਹਾਂ।)*

**ਨਵੀ** : He is not so good. Stop acting stupid. *(ਪਰ ਇਤਨਾ ਚੰਗਾ ਵੀ ਨਹੀਂ ਹੈ, ਜਿਸ ਵਰਗਾ ਤੂੰ ਬਣਨ ਨੂੰ ਫਿਰਦੈ। ਮੂਰਖਾਂ ਵਾਲੀਆਂ ਗੱਲਾਂ ਬੰਦ ਕਰ।)*

**ਰੌਕੀ** : I don't Act like stupid. *(ਮੈਂ ਮੂਰਖ ਨਹੀਂ ਹਾਂ)*

**ਨਵੀ** : Stop it, I have seen you at school, you acted Stupid, let's take the other day for example, you tried to start a fight with 6 feet 200 pound black guy, because he accidently stepped on your foot. you are just lucky, I was there or he would be murdered you.

*(ਬੱਸ ਕਰ! ਮੈਂ ਸਕੂਲ 'ਚ ਤੈਨੂੰ ਇਸ ਤਰ੍ਹਾਂ ਕਰਦੇ ਨੂੰ ਦੇਖਿਆ ਹੈ, ਉਦਾਹਰਣ ਦੇ ਤੌਰ 'ਤੇ ਉਸ ਦਿਨ ਵਾਲੀ ਗੱਲ ਬਾਰੇ ਸੋਚ, ਜਿਸ ਦਿਨ ਤੂੰ ਛੇ ਫੁੱਟ ਲੰਮੇ ਤੇ ਦੋ ਸੌ ਪੌਂਡ ਦੇ ਕਾਲੇ ਨਾਲ ਪੰਗਾ ਲੈਣ ਲੱਗਿਆ ਸੀ ਜਿਸ ਕੋਲੋਂ ਗਲਤੀ ਨਾਲ ਤੇਰੇ ਪੈਰ ਉੱਪਰ ਪੈਰ ਰੱਖਿਆ ਗਿਆ ਸੀ। ਤੇਰੀ ਕਿਸਮਤ ਚੰਗੀ ਸੀ, ਕਿ ਉਸ ਵਕਤ ਮੈਂ ਉੱਥੇ ਸੀ, ਨਹੀਂ ਤਾਂ ਉਹ ਤੈਨੂੰ ਮਾਰ ਹੀ ਦਿੰਦਾ।)*

**ਰੌਕੀ** : No I could have taken him any day. *(ਨਹੀਂ, ਇੱਦਾਂ ਦੀ ਕੋਈ ਗੱਲ ਨਹੀਂ, ਮੈਂ ਤਾਂ ਉਹਨੂੰ ਕਦੇ ਵੀ ਦੇਖ ਸਕਦਾਂ)*

**ਨਵੀ** : You remember, you try to start a group called 'Deshi gangster' what was your slogan, you Remember. *(ਤੈਨੂੰ ਇਹ ਵੀ ਗੱਲ ਯਾਦ ਹੋਵੇਗੀ, ਜਦੋਂ ਤੂੰ ਦੇਸੀ ਗੈਂਗਸਟਰ ਨਾਂ ਦਾ ਗਰੁੱਪ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਤੈਨੂੰ ਪਤੈ ਉਸ ਗੈਂਗ ਦਾ ਨਾਅਰਾ ਕੀ ਸੀ।)*

**ਰੌਕੀ** : Once you go black, you wanna go black, once you are white, It is not right, and once you are brown,

you wear the crown. *(ਜੇ ਤੁਸੀਂ ਆਪਣੇ ਆਪ ਨੂੰ ਕਾਲ਼ਾ ਕਹਾਉਂਦੇ ਹੋ ਤਾਂ ਵਾਪਸ ਆਉਣਾ ਚਾਹੁੰਦੇ ਹੋ, ਜੇ ਤੁਸੀਂ ਬਣੋਗੇ ਚਿੱਟੇ ਤਾਂ ਜਾਉਂਗੇ ਭਿੱਟੇ, ਦੇਸੀ ਕਹਾਓਗੇ ਤਾਂ ਰਾਜੇ ਸਦਾਉਂਗੇ।)*

**ਨਵੀ** : How gay is that, that time you were lucky, you only got a suspension warning.. *(ਇਹ ਕਿੰਨਾ ਕੁ ਚੰਗਾ ਸੀ, ਸ਼ੁਕਰ ਕਰ ਤੂੰ ਉਦੋਂ ਵੀ ਬਚ ਗਿਆ ਪ੍ਰਿੰਸੀਪਲ ਨੇ ਤੈਨੂੰ ਸਿਰਫ਼ ਚਿਤਾਵਨੀ ਦੇ ਕੇ ਹੀ ਛੱਡ ਦਿੱਤਾ ਸੀ। )*

**ਰੌਕੀ** : Shut up. *(ਬਕਵਾਸ ਬੰਦ ਕਰ)*

(ਵਿੱਕੀ ਉਥੇ ਆ ਕੇ ਰੁੱਕਦਾ ਹੈ ਤੇ ਨਵੀ ਵੱਲ ਨੂੰ ਘੂਰ ਘੂਰ ਦੇਖਣ ਲੱਗਦਾ ਹੈ ਅਤੇ ਫਿਰ ਤੁਰ ਪੈਂਦਾ ਹੈ ਤੇ ਰੌਕੀ ਵੀ ਉਸਦੇ ਪਿੱਛੇ ਪਿੱਛੇ ਤੁਰ ਪੈਂਦਾ ਹੈ। ਰਵਿੰਦਰ ਅੰਦਰੋਂ ਆਉਂਦੀ ਹੈ, ਰਵਿੰਦਰ ਤੇ ਨਵੀ ਉਨ੍ਹਾਂ ਨੂੰ ਜਾਂਦਿਆਂ ਦੇਖਦੀਆਂ ਹਨ, ਰਵਿੰਦਰ ਚਿੰਤਾ ਕਰ ਰਹੀ ਜਾਪਦੀ ਹੈ, ਗੱਡੀ ਸਟਾਰਟ ਹੁੰਦੀ ਹੈ, ਨਵੀ ਅੰਦਰ ਜਾਂਦੀ ਹੈ।

***(ਅਮਨਪਾਲ ਦਰਵਾਜ਼ਾ ਖੋਹਲ ਕੇ ਅੰਦਰ ਦਾਖਲ ਹੁੰਦਾ ਹੈ)***

**ਰਵਿੰਦਰ** : ਤੁਸੀਂ ਆ ਗਏ?

**ਅਮਨਪਾਲ** : ***(ਥੋੜਾ ਜਿਹਾ ਮੁਸਕਰਾ ਕੇ)*** ਨਹੀਂ-ਨਹੀਂ ਅਜੇ ਤਾਂ ਮੈਂ ਕੈਲੇਫੋਰਨੀਆ ਤੋਂ ਹੀ ਬੋਲਦਾ।

**ਰਵਿੰਦਰ** : ਬੜੀ ਗੱਲ ਫੁਰਦੀ ਐ ਅੱਜ, ਸੁੱਖ ਤਾਂ ਹੈ।

**ਅਮਨਪਾਲ** : ਬਈ ਸੁੱਖ, ਉਹ ਵੀ ਇਸ ਧਰਤੀ ਤੇ, ਐਵੇਂ ਤਾਂ ਨਹੀਂ ਬਹੁਤੇ ਲੋਕ ਕਨੇਡਾ ਨੂੰ ਸਲੇਡਾ ਆਖੀ ਜਾਂਦੇ।

**ਰਵਿੰਦਰ** : ਨਾ ਏਨਾ ਟਾਇਮ ਕਿੱਥੇ ਲਾਤਾ?

**ਅਮਨਪਾਲ** : ਬੜੇ ਪਿਆਰ ਨਾਲ ਪੁੱਛਿਐ, ਇਸ ਗੱਲ ਨਾਲ ਤਾਂ ਪੁਰਾਣੇ ਗੀਤ ਦੇ ਬੋਲ ਯਾਦ ਆ ਗਏ। ***(ਗੀਤ ਗਾਉਣ ਲੱਗਦਾ ਹੈ)*** ਚੰਨ ਕਿੱਥਾਂ ਗੁਜ਼ਾਰੀ ਐ ਰਾਤ ਵੇ.....

**ਰਵਿੰਦਰ** : ਬਸ ਕਰੋ, ਬਸ ਕਰੋ, ਗੱਲਾਂ ਹੀ ਦੱਸਦੀਆਂ ਨੇ, ਪੈੱਗ ਸਾਝਰੇ ਹੀ ਲਾ ਲਿਆ ਲਗਦੈ, ਪੈੱਗ ਲਾਉਣ ਲੱਗੇ ਤਾਂ ਤੁਸੀਂ ਆਪਦੀ ਬਿਮਾਰੀ ਦਾ ਵੀ ਖਿਆਲ ਨੀ ਰੱਖਦੇ।

**ਅਮਨਪਾਲ** : ਲੈ ਮੈਂ ਤਾਂ ਛੱਡ ਦਿੱਤੀ ਸੀ, ਪਰ ਲੋਕੀਂ ਛੱਡਣ ਕੇਹੜਾ ਦਿੰਦੇ ਨੇ, ਪੰਜਾਬੀਆਂ 'ਚ ਇਹ ਆਦਤ ਪਤਾ ਨਹੀਂ ਕਦੋਂ ਕੁ ਤੋਂ ਸ਼ੁਰੂ ਹੋਈ ਹੈ, ਬਈ ਆਪ ਪੀਣ ਨਾਲੋਂ ਸੋਫੀ ਬੰਦੇ ਨੂੰ ਪਿਲਾ ਕੇ ਵੱਧ ਅਨੰਦ ਲੈਂਦੇ ਨੇ। ਅੱਜ ਆਹ ਦਲਬੀਰ ਦੇ ਪਿਓ ਨੇ ਮੈਨੂੰ ਮੱਲੋ ਮੱਲੀ ਪਿਆ ਦਿੱਤੀ। ਕਹਿੰਦਾ ਇੱਕ ਪੈੱਗ ਤਾਂ ਜ਼ਰੂਰ ਹੀ ਲਾਉਣਾ ਪੈਣਾ।

**ਰਵਿੰਦਰ** : ਇੱਕ ਪੈੱਗ ਪੀਣ ਨੂੰ ਏਨਾ ਚਿਰ?

**ਅਮਨਪਾਲ** : ਕਨੇਡਾ 'ਚ ਮੁਫ਼ਤ ਵਿਚ ਕੌਣ ਪਿਲਾਉਂਦੇ, ਪੈੱਗ ਪੀ ਕੇ ਲੱਗ ਪਿਆ ਫੇਰ ਆਪਦੇ ਦੁੱਖ ਫਰੋਲਣ।

**ਰਵਿੰਦਰ** : ਦੁੱਖ ਉਹਨੂੰ ਕਾਹਦਾ, ਆਪਦੀ ਪੈਨਸ਼ਨ ਦਾ ਰੌਲਾ ਲੈ ਕੇ ਬਹਿ ਗਿਆ ਹੋਣੇ, ਮੁੰਡਾ ਸਾਰੇ ਹੀ ਮੰਗਦਾ ਹੋਣੇ, ਪਿਉ ਇਕ ਡਾਲਰ ਦੇਣ ਲਈ ਰਾਜ਼ੀ ਨੀ ਹੋਣਾ।

**ਅਮਨਪਾਲ** : ਗੱਲ ਤਾਂ ਇਹ ਵੀ ਸੀ ਪਰ ਬਹੁਤਾ ਰੋਂਦਾ ਸੀ ਕਹਿੰਦਾ ਔਲਾਦ ਨੇ ਸਾਨੂੰ ਕਨੇਡਾ 'ਚ ਬੁਲਾ ਕੇ ਸਾਨੂੰ ਦੋਹਾਂ ਨੂੰ ਅਲੱਗ-ਅਲੱਗ ਕਰ ਦਿੱਤਾ। ਉਸਦੇ ਘਰਵਾਲੀ ਛੋਟੇ ਮੁੰਡੇ ਦੇ ਜੁਆਕ ਸਾਂਭਦੀ ਐ ਤੇ ਉਹ ਆਪ ਵੱਡੇ ਮੁੰਡੇ ਨਾਲ ਰਹਿੰਦਾ।

**ਰਵਿੰਦਰ** : ਨਾ ਜੇ ਇਸ ਉਮਰ 'ਚ ਅਲੱਗ-ਅਲੱਗ ਰਹਿੰਦੇ ਵੀ ਨੇ, ਫੇਰ ਕਿਹੜੀ ਵੱਡੀ ਗੱਲ ਐ।

**ਅਮਨਪਾਲ** : ਜੇ ਤੈਨੂੰ ਰਹਿਣਾ ਪਵੇ, ਫੇਰ ਪਤਾ ਲੱਗੂ। ਉਹ ਵਿਚਾਰੇ ਸਾਰੀ ਉਮਰ ਇਕੱਠੇ ਰਹੇ ਨੇ, ਨਾਲੇ ਇਸ ਉਮਰ ਵਿੱਚ ਆ ਕੇ ਤਾਂ ਇੱਕ ਦੂਜੇ ਦੇ ਸਹਾਰੇ ਦੀ ਵੱਧ ਲੋੜ ਪੈਂਦੀ ਐ, ਉਸ ਨੇ ਤਾਂ ਆਪਦੀ ਘਰਵਾਲੀ ਨੂੰ ਕਹਿ ਦਿੱਤਾ ਕਿ ਆਪਾਂ ਇੰਡੀਆ ਨੂੰ ਚੱਲੀਏ। ਪਰ ਘਰਵਾਲੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੈ, ਕਹਿੰਦੀ ਹੁਣ ਇੰਡੀਆ 'ਚ ਕੀ ਰੱਖਿਐ। ਬੱਚੇ ਤਾਂ ਕਨੇਡਾ 'ਚ ਨੇ।

**ਰਵਿੰਦਰ** : ਨਾ ਉਹਦੀ ਗੱਲ ਤਾਂ ਠੀਕ ਐ, ਹੁਣ ਸਭ ਪੁੱਤ ਪੋਤੇ ਇੱਥੇ ਹੀ ਤਾਂ ਰਹਿੰਦੇ ਨੇ, ਲੈ ਮੈਂ ਵੀ ਕਿਸੇ ਦੇ ਹੀ ਰੋਣੇ ਧੋਣੇ ਲੈ ਕੇ ਬਹਿ ਗਈ ਆਂ, ਨਾ ਮੁੰਡੇ ਗਏ ਸੀ ਬਾਹਰ ਨੂੰ ਮਿਲੇ ਨਹੀਂ ਕਿਤੇ।

**ਅਮਨਪਾਲ** : ਮੈਂ ਤਾਂ ਜਦੋਂ ਦਾ ਪੈੱਗ ਲਾ ਕੇ ਤੁਰਿਆਂ, ਰਸਤੇ 'ਚ ਤੇਰੇ ਬਾਰੇ ਹੀ ਸੋਚਦਾ ਆਇਆ, ਮੈਂ ਨੀ ਬਿਲਕੁਲ ਵੀ ਝਾਕਿਆ ਇੱਧਰ ਉੱਧਰ।

**ਰਵਿੰਦਰ** : ਕਦੀ ਤਾਂ ਸੀਰੀਅਸ ਹੋ ਜਾਇਆ ਕਰੋ, ਮੈਂ ਬੱਚਿਆਂ ਬਾਰੇ ਸੋਚ ਸੋਚ ਕੇ ਪਾਗਲ ਹੋ ਰਹੀ ਹਾਂ।

**ਅਮਨਪਾਲ** : ਏਨਾਂ ਨਾ ਸੋਚੀ ਜਾਇਆ ਕਰ, ਮੁੰਡੇ ਨੂੰ ਆਪਣੀ ਜ਼ੁੰਮੇਵਾਰੀ ਚੁੱਕਣ ਦੇ, ਉਹ ਹੁਣ ਵੱਡਾ ਹੋ ਗਿਆ।

**ਰਵਿੰਦਰ** : ਇਸ ਵਕਤ ਗੱਲ ਉਹਦੇ ਵੱਡੇ ਹੋਣ ਦੀ ਨਹੀਂ ਹੈ, ਸਗੋਂ ਉਸਦੇ ਕੰਮਾਂ ਦੀ ਹੈ, ਹਰ ਰੋਜ਼ ਕੋਈ ਨਾ ਕੋਈ ਨਵਾਂ ਪੰਗਾ ਖੜਾ ਰੱਖਦੈ।

**ਅਮਨਪਾਲ** : ਆਪਾਂ ਨੂੰ ਤਾਂ ਜੁਆਕਾਂ ਦਾ ਹੀ ਫ਼ਿਕਰ ਨੀ ਮੁੱਕਣਾ, ਆਪਾਂ ਨੇ ਮੁੱਕ ਜਾਣੈ ਤੈਨੂੰ ਯਾਦ ਐ ਜਦ ਵਿੱਕੀ ਨੇ ਜਨਮ ਲੈਣਾ ਸੀ ਤਾਂ ਤੂੰ ਵੀਕਾਂ ਬਣਾਉਣ ਲਈ ਉਸ ਦਿਨ ਤੱਕ ਕੰਮ ਕਰਦੀ ਰਹੀ, ਜਿਸ ਦਿਨ ਉਸਦਾ ਜਨਮ ਹੋਇਆ, ਕੰਮ ਤੋਂ ਹੀ ਐਂਬੂਲੈਂਸ ਹਸਪਤਾਲ ਲੈ ਕੇ ਆਈ।

**ਰਵਿੰਦਰ** : ਜੁਆਕਾਂ ਦੀ ਖਾਤਰ ਕਰਨਾ ਹੀ ਪੈਂਦਾ।

**ਅਮਨਪਾਲ** : ਬੱਚਿਆਂ ਦੇ ਵੀ ਮਾਂ ਪਿਉ ਪ੍ਰਤੀ ਕੁਝ ਫ਼ਰਜ਼ ਬਣਦੇ ਨੇ, ਕੰਮ ਇਹਨਾਂ ਨੇ ਕੋਈ ਕਰਨਾ ਨਹੀਂ ਬਸ ਹਰ ਰੋਜ਼ ਕੋਈ ਨਾ ਕੋਈ ਮੰਗ ਪਾਈ ਰੱਖਦੇ ਨੇ; ਬਰੈਂਡ ਨੇਮ ਕੱਪੜੇ, ਸਪੋਰਟਸ ਕਾਰ, ਟਾਪ ਦਾ ਸੈਲ ਫੋਨ, ਰੈਸਟੋਰੈਂਟਾਂ ਦਾ ਖਾਣਾ ਸ਼ੌਂਕ ਸਾਰੇ ਰਾਜਿਆਂ ਵਾਲੇ ਨੇ, ਘਰ ਦਾ ਕੋਈ ਕੰਮ ਕਰਨਾ ਪਵੇ ਤਾਂ ਹਤਕ ਸਮਝਦੇ ਨੇ।

**ਰਵਿੰਦਰ** : ਤੁਹਾਡੀਆਂ ਇਹ ਗੱਲਾਂ ਮੈਂ ਕਈ ਵਾਰ ਸੁਣ ਚੁੱਕੀ ਆਂ। ਤੁਸੀਂ ਮੁੰਡੇ ਨੂੰ ਕੋਈ ਕੰਮ ਲੱਭ ਕੇ ਦੇਵੋ, ਹੋ ਸਕਦੈ ਮਾੜੀ ਸੰਗਤ ਨੂੰ ਛੱਡ ਹੀ ਦੇਵੇ।

**ਅਮਨਪਾਲ** : ਕੰਮ ਬਾਰੇ ਗੱਲ ਕੀਤੀ ਸੀ ਕਈਆਂ ਨਾਲ, ਰਿਸ਼ੈਸ਼ਨ ਕਰਕੇ ਕੰਮਕਾਰ ਵੀ ਸਲੋਅ ਹਨ, ਮੈਂ ਤਾਂ ਆਹ ਇੱਕ ਦੋ ਸਰਕਾਰੀ ਵਿਚੋਲਿਆਂ ਨੂੰ ਵੀ ਮਿਲਿਆਂ ਸੀ ਪਰ ਉਹਨਾਂ ਨੇ ਵੀ ਕੋਈ ਰਾਹ ਨਹੀਂ ਦਿੱਤਾ।

**ਰਵਿੰਦਰ** : ਕਿਹੜੇ ਸਰਕਾਰੀ ਵਿਚੋਲੇ।

**ਅਮਨਪਾਲ** : ਆਹ ਜਿਹੜੇ ਏਜੰਸੀਆਂ ਖੋਹਲੀ ਬੈਠੇ ਨੇ।

**ਰਵਿੰਦਰ** : ਕੰਮ ਤਾਂ ਕਿਸੇ ਜਾਣ ਪਹਿਚਾਣ ਵਾਲੇ ਦੇ ਦੱਸਣ ਤੇ ਹੀ ਮਿਲਣੈ।

**ਅਮਨਪਾਲ** : ਲੈ ਤੇਰੀ ਇਸ ਗੱਲ ਤੋਂ ਯਾਦ ਆ ਗਿਆ, ਅੱਜ ਹਰਜੀਤ ਦਾ ਫੋਨ ਆਇਆ ਸੀ, ਉਹ ਮਿਲਣ ਲਈ ਆ ਰਹੇ ਹਨ। ਜੀਤ ਹੁਰਾਂ ਦੇ ਪਾਰਟੀ ਐ ਨਾ, ਆਪਾਂ ਉਨ੍ਹਾਂ ਨਾਲ ਹੀ ਚਲੇ ਜਾਵਾਂਗੇ। ਵੈਸੇ ਵੀ ਹਰਜੀਤ ਦੀ

ਜੌਬ ਚੰਗੀ ਹੈ ਸ਼ਾਇਦ ਉਹ ਹੀ ਮੁੰਡੇ ਨੂੰ ਕਿਤੇ ਰਖਵਾ ਦੇਵੇ।

**ਰਵਿੰਦਰ** : ਨਾ ਉਹਨਾਂ ਦੇ ਆਉਣ ਬਾਰੇ ਤੁਸੀਂ ਮੈਨੂੰ ਪਹਿਲਾਂ ਨਹੀਂ ਦੱਸਿਆ, ਘਰੇ ਤਾਂ ਸਫਾਈ ਕੋਈ ਨਹੀਂ ਹੈ। ਪੂਰਾ ਘਰ ਗੰਦਾ ਹੈ।

**ਅਮਨਪਾਲ** : ਤੂੰ ਮੈਨੂੰ ਅੰਦਰ ਵੜਦੇ ਨੂੰ ਹੀ ਕੁੱਕੜ ਵਾਂਗ ਫੜ ਲਿਆ ਗਰਦਨ ਤੋਂ ਕੁਝ ਦੱਸਣ-ਦਸਾਉਣ ਦਾ ਮੌਕਾ ਹੀ ਨਹੀਂ ਦਿੱਤਾ। ਵੈਸੇ ਠੀਕ ਏ ਐ ਘਰ।

***(ਦਰਵਾਜ਼ਾ ਖੜਕਦਾ ਹੈ, ਨਵੀ ਦਰਵਾਜ਼ਾ ਖੋਲ੍ਹਦੀ ਹੈ। ਰਵਿੰਦਰ ਅੰਦਰ ਜਾਂਦੀ ਹੈ, ਹਰਜੀਤ ਤੇ ਮਨਦੀਪ ਅੰਦਰ ਆਉਂਦੇ ਹਨ)***

**ਹਰਜੀਤ** : ਬਈ ਅਸੀਂ ਤਾਂ ਤੁਹਾਡੇ ਵੱਲ ਫੋਨ ਕਰਕੇ ਆਏ ਸੀ ਫੇਰ ਵੀ ਤੁਸੀਂ ਬੜਾ ਸਮਾਂ ਲਾ ਦਿੱਤਾ ਦਰਵਾਜ਼ਾ ਖੋਹਲਣ ਲਈ ਅਗਰ ਕੋਈ ਤੁਹਾਡੇ ਬਿਨਾਂ ਫੋਨ ਕੀਤਿਆਂ ਆ ਜਾਵੇ ਫੇਰ ਤੁਸੀਂ ਤਾਂ ਉਹਨੂੰ ਅੰਦਰ ਈ ਨਾ ਵੜਨ ਦੇਵੋ।

**ਅਮਨਪਾਲ** : ਮੈਂ ਤਾਂ ਰਵਿੰਦਰ ਨੂੰ ਕਿਹਾ ਸੀ ਤੁਸੀਂ ਦਰਵਾਜ਼ਾ ਖੁੱਲ੍ਹਾ ਹੀ ਰਹਿਣ ਦੇਵੋ, ਨਾ ਤੁਸੀਂ ਬੈੱਲ ਕੀਤੀ ਸੀ?

**ਮਨਦੀਪ** : ਜੀ ਭਾਈ ਸਾਹਿਬ ਬੈੱਲ ਵੀ ਵਜਾਈ, ਫੇਰ ਦਰਵਾਜ਼ਾ ਵੀ ਖੜਕਾਇਆ।

**ਹਰਜੀਤ** : ਮੈਨੂੰ ਤਾਂ ਲੱਗਦੈ ਤੁਹਾਡੀ ਬੈੱਲ ਕੰਮ ਹੀ ਨਹੀਂ ਕਰਦੀ।

**ਅਮਨਪਾਲ** : ਇਹ ਤਾਂ ਫਿਰ ਉਹੀ ਗੱਲ ਹੋਗੀ ***(ਗਾਉਣ ਲੱਗਦਾ ਹੈ)*** ਇੱਥੇ ਅਮਲਾਂ ਤੇ ਹੋਣੇ ਨੇ ਨਿਬੇੜੇ, ਕਿਸੇ ਨਾ ਤੇਰੀ ਜਾਤ ਪੁੱਛਣੀ।

**ਮਨਦੀਪ** : ਭਾਅ ਜੀ ਦਾ ਤਾਂ ਅੱਜ ਪੈਗ ਲਾਇਆ ਲਗਦੈ।

**ਹਰਜੀਤ** : ਅੱਛਿਆ ਆਹ ਗੱਲ ਐ, ਮੈਂ ਵੀ ਕਹਿਨਾਂ ਬਈ, ਕਿਥੇ ਘਰ ਦੀ ਬੈੱਲ ਤੇ ਕਿੱਥੇ ਸੂਫੀਆਨਾ ਕਲਾਮ। ਪਤਾ ਲੱਗਿਆ ਸੀ ਤੁਹਾਡੀ ਸ਼ੂਗਰ ਬਹੁਤ ਵੱਧ ਗਈ ਐ।

**ਅਮਨਪਾਲ** : ਕਿੱਥੇ ਬਿਮਾਰੀ ਦੀ ਗੱਲ ਤੋਰ ਲਈ, ਏਨੀ ਦੇਰ ਬਾਅਦ ਮਿਲਿਐਂ, ਦੱਸ, ਪਾਵਾਂ ਫਿਰ ਛੋਟਾ ਜਿਹਾ (ਬੋਤਲ ਲੱਭਣ ਦੀ ਕੋਸ਼ਿਸ਼ ਕਰਦਾ ਹੈ)

**ਹਰਜੀਤ** : ਛੋਟੇ ਜਿਹੇ ਦਾ ਕੀ ਕੰਮ, ਊਠਾਂ ਵਾਲਿਆਂ ਨਾਲ ਲਾ ਕੇ ਯਾਰੀਆਂ, ਫੇਰ ਦਰਵਾਜ਼ੇ ਨੀਵੇਂ ਨਹੀਂ ਰੱਖੀਦੇ।

**ਅਮਨਪਾਲ** : ਫਿਰ ਵੱਡਾ ਪਾ ਦਿਨੇ ਆ।

**ਮਨਦੀਪ** : ਰਹਿਣ ਦੇ ਜੀ, ਆਪਾਂ ਚੱਲੀਏ ਹੁਣ, ਜੇ ਲੇਟ ਹੋ ਗਏ ਤਾਂ ਜੀਤ ਨੇ ਤਾਂ ਬੁੜ ਬੁੜ ਕਰਨੋਂ ਨੀ ਹੱਟਣਾ। ਕਹਿੰਦੇ ਸੀ ਪਾਰਟੀ ਜਲਦੀ ਸ਼ੁਰੂ ਕਰਨੀ ਐ, ਕੱਲ੍ਹ ਨੂੰ ਫਿਰ ਸਾਰਿਆਂ ਨੇ ਕੰਮਾਂ ਤੇ ਜਾਣਾ।

**ਰਵਿੰਦਰ** : *(ਤਿਆਰ ਹੋ ਕੇ ਆਉਂਦਿਆਂ)* ਗੱਲ ਤਾਂ ਤੇਰੀ ਠੀਕ ਐ, ਉਹ ਤਾਂ ਗੁੱਸਾ ਵੀ ਬੜੀ ਛੇਤੀ ਕਰ ਲੈਂਦੀ ਐ, ਪਰ ਸਾਨੂੰ ਤਾਂ ਅਜੇ ਮੁੰਡਿਆਂ ਦੀ ਉਡੀਕ ਕਰਨੀ ਪੈਣੀ ਐ। ਆ ਜਾਂਦੇ ਤਾਂ ਨਾਲ ਹੀ ਲੈ ਜਾਂਦੇ।

**ਹਰਜੀਤ** : ਨਾ ਤੁਹਾਡੇ ਮੁੰਡੇ ਚਲੇ ਜਾਂਦੇ ਨੇ ਪਾਰਟੀ ਤੇ ਤੁਹਾਡੇ ਨਾਲ? ਸਾਡੇ ਤਾਂ ਨਹੀਂ ਜਾਂਦੇ, ਕਹਿਣਗੇ ਸਾਡਾ ਉਥੇ ਫ਼ਨ ਨੀ ਹੁੰਦਾ।

**ਅਮਨਪਾਲ** : ਨਾਲ ਤਾਂ ਸਾਡੇ ਵੀ ਨਹੀਂ ਜਾਂਦੇ, ਆ ਜਾਂਦੇ ਤਾਂ ਦਿਮਾਗ ਤੋਂ ਫਿਕਰ ਜਿਹਾ ਲਹਿ ਜਾਂਦਾ, ਡਰ ਹੀ ਰਹਿੰਦੈ ਕਿਤੇ ਕੋਈ ਹੋਰ ਹੀ ਪੰਗਾ ਨਾ ਖੜਾ ਕਰ ਲੈਣ।

**ਮਨਦੀਪ** : ਨਾ ਤੁਸੀਂ ਰੌਕੀ ਹੁਰਾਂ ਨੂੰ ਤਾਂ ਰੋਕਿਆ ਕਰੋ, ਉਹ ਤਾਂ ਅਜੇ ਭੋਰਾ ਭਰ ਐ।

**ਰਵਿੰਦਰ** : ਹੈ ਤਾਂ ਭੋਰਾ ਭਰ, ਕਈ ਵਾਰ ਮੈਨੂੰ ਕਹੂ, ਮੰਮੀ ਰੋਟੀ ਤੂੰ ਆਪਣੇ ਹੱਥਾਂ ਨਾਲ ਹੀ ਖਵਾ। ਪਰ ਅੱਜ ਕੱਲ੍ਹ ਬੜੇ ਦੀ ਰੀਸ ਬਹੁਤ ਕਰਦੈ।

**ਅਮਨਪਾਲ** : ਇਕ ਦਿਨ ਤਾਂ ਉਸਦੇ ਬੈਗ 'ਚੋਂ ਨਾਈਫ ਵੀ ਨਿਕਲਿਆ।

**ਰਵਿੰਦਰ** : ਜਦ ਮੈਂ ਪੁੱਛਿਆ, ਕਹਿੰਦਾ ਇਹ ਕਿਹੜੀ ਵੱਡੀ ਗੱਲ ਐ, ਨਾਈਫ ਤਾਂ ਬਹੁਤੇ ਬੱਚਿਆਂ ਕੋਲ ਹੁੰਦੇ ਨੇ।

**ਹਰਜੀਤ** : ਫਰੀਦ ਜੀ ਨੇ ਸਹੀ ਹੀ ਫੁਰਮਾਇਆ... ਫਰੀਦਾ ਮੈਂ ਜਾਨਿਆ ਦੁੱਖ ਮੁਝ ਕੋ, ਦੁੱਖ ਸਵਾਇਆ ਜੱਗ, ਉੱਚ ਚੜ੍ਹ ਕੇ ਦੇਖਿਆ ਤਾਂ ਘਰ ਘਰ ਇਹੋ ਅੱਗ।

**ਮਨਦੀਪ** : ਬੱਚਿਆਂ ਦੇ ਮਾਮਲੇ 'ਚ ਤਾਂ ਜਿਹੜੀ ਸਾਡੇ ਨਾਲ ਹੋਈ ਐ, ਮੈਂ ਤਾਂ ਕਹਿੰਨੀ ਆਂ ਕਿਸੇ ਦੁਸ਼ਮਣ ਨਾਲ ਵੀ ਨਾ ਹੋਵੇ। ਵੱਡੇ ਨੂੰ ਅਸੀਂ 6-7 ਸਾਲ ਕਰਾਟੇ ਦੀਆਂ ਕਲਾਸਾਂ 'ਚ ਪਾਈ ਰੱਖਿਆ, ਇਕ ਦਿਨ ਕੁਝ ਸ਼ਰਾਰਤੀ ਮੁੰਡਿਆਂ ਨੇ ਉਹਦੇ ਦੋਸਤ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ, ਇਹ ਹਟਾਉਣ ਲੱਗ ਪਿਆ, ਇਕ ਮੁੰਡੇ ਨੇ ਆ ਕੇ ਇਹਦੇ ਹੀ ਨੱਕ 'ਤੇ ਮੁੱਕਾ ਮਾਰ ਦਿੱਤਾ। ਬੱਸ ਫੇਰ ਕੀ ਸੀ ਗੁੱਸੇ 'ਚ ਆਏ ਨੇ ਮੁੰਡੇ ਨੂੰ ਇੰਨਾ ਕੁੱਟਿਆ ਉਹ ਮੁੰਡਾ ਅੱਜ ਤੱਕ ਕੋਮੇ 'ਚ ਪਿਆ, ਪਤਾ ਨਹੀਂ ਬਚੇਗਾ

ਵੀ ਜਾਂ ਨਹੀਂ।

**ਹਰਜੀਤ** : ਪ੍ਰਿੰਸੀਪਲ ਨੇ ਇਹ ਨੀ ਦੇਖਿਆ ਕਿ ਸ਼ੁਰੂਆਤ ਕਿਸ ਨੇ ਕੀਤੀ ਸੀ ਇਹਨਾਂ ਦੋਨਾਂ ਨੂੰ ਸਸਪੈਂਡ ਕਰ ਦਿੱਤਾ, ਕੇਸ ਪੁਲਿਸ ਕੋਲ ਚਲਿਆ ਗਿਆ, ਬੱਸ ਸਾਡੇ ਮੁੰਡੇ ਦਾ ਤਾਂ ਫਿਊਚਰ ਹੀ ਖਰਾਬ ਹੋ ਗਿਆ।

**ਅਮਨਪਾਲ** : ਸਾਨੂੰ ਵੀ ਕਿਸੇ ਤੋਂ ਪਤਾ ਲੱਗਿਆ ਸੀ ਕਿ ਮੁੰਡੇ ਦਾ ਸਕੂਲ 'ਚ ਕੋਈ ਝਗੜਾ ਹੋ ਗਿਆ ਪਰ ਗੱਲ ਇਥੋਂ ਤੱਕ ਵੱਧ ਗਈ ਐ, ਸਾਨੂੰ ਨਹੀਂ ਸੀ ਪਤਾ।

**ਮਨਦੀਪ** : ਗੱਲ ਇਥੇ ਹੀ ਮੁੱਕ ਜਾਂਦੀ ਤਾਂ ਵੀ ਸਰ ਜਾਂਦਾ, ਪਰ ਵਿਰੋਧੀ ਮੁੰਡਿਆਂ ਨੇ ਦੁਸ਼ਮਣੀ ਨਹੀਂ ਛੱਡੀ ਉਨ੍ਹਾਂ ਨੇ ਛੋਟੇ ਮੁੰਡੇ ਨੂੰ ਵੀ ਤੰਗ ਕਰਨਾ ਸ਼ੁਰੂ ਕਰ ਦਿੱਤਾ, ਵੱਡਾ ਕਹੇ ਮੈਂ ਉਨ੍ਹਾਂ ਨੂੰ ਛੱਡਣਾ ਨਹੀਂ। ਅਸੀਂ ਤਾਂ ਡਰਦਿਆਂ ਨੇ ਆਪਣਾ ਘਰ ਹੀ ਵੇਚ ਦਿੱਤਾ ਤੇ ਉਥੋਂ ਮੂਵ ਹੋ ਗਏ ਆਂ, ਹੁਣ ਦੇਖਦੇ ਆਂ ਜੇ ਇਥੇ ਵੀ ਸੁੱਖ ਰਹੇ.

**ਅਮਨਪਾਲ** : ***(ਫੇਰ ਦੁਬਾਰਾ ਬੋਤਲ ਚੁੱਕਦਾ ਹੈ)*** ਹੁਣ ਤਾਂ ਪਾਵਾਂ ਘੁੱਟ।

**ਹਰਜੀਤ** : ਤੁਸੀਂ ਰਹਿਣ ਹੀ ਦੇਵੋ, ਅੱਗੇ ਜਾ ਕੇ ਪਾਰਟੀ ਵਿਚ ਵੀ ਇਹੋ ਕੁਝ ਕਰਨੈਂ ਨਾਲੇ ਉਥੇ ਫਰੀ ਦੀ ਹੋਵੇਗੀ।

**ਮਨਦੀਪ** : ***(ਰਵਿੰਦਰ ਵੱਲ ਦੇਖ ਕੇ)*** ਤੁਸੀਂ ਬੱਚਿਆਂ ਨੂੰ ਤਾਂ ਜ਼ਰੂਰ ਰੋਕਿਆ ਕਰੋ, ਜੇ ਕਿਸੇ ਕੇਸ 'ਚ ਉਲਝ ਗਏ ਫੇਰ ਨਿਕਲਣਾ ਔਖਾ ਹੋ ਜਾਵੇਗਾ।

**ਰਵਿੰਦਰ** : ਕੋਸ਼ਿਸ਼ ਤਾਂ ਬਹੁਤ ਕਰਦੇ ਆਂ।

**ਹਰਜੀਤ** : ਚਲੋ ਫਿਰ ਚਲੀਏ ***(ਸਾਰੇ ਉੱਠ ਖੜ੍ਹੇ ਹੁੰਦੇ ਹਨ)***

**ਰਵਿੰਦਰ** : ***(ਉੱਚੀ ਦੇ ਕੇ ਹਾਕ ਮਾਰਦੀ ਹੈ)*** ਨਵੀ ਬੇਟਾ, ਅਸੀਂ ਚਲਦੇ ਆਂ, ਜਦੋਂ ਵਿੱਕੀ ਹੋਰੀਂ ਆਏ, ਤੂੰ ਉਨ੍ਹਾਂ ਨੂੰ ਦਰਵਾਜ਼ਾ ਖੋਹਲ ਦੇਵੀਂ, ਨਾਲੇ ਸਾਨੂੰ ਫੋਨ ਕਰਕੇ ਦੱਸ ਦੇਵੀਂ।

**ਨਵੀ** : ***(ਅੰਦਰੋਂ ਹੀ)*** Ok mom.

***(ਨਵੀ ਬਾਹਰ ਆਉਂਦੀ ਹੈ- ਅਮਨਪਾਲ, ਹਰਜੀਤ, ਮਨਦੀਪ ਤੇ ਰਵਿੰਦਰ ਜਾਂਦੇ ਹਨ)***

***(ਨਵੀ ਫਿਕਰ 'ਚ ਘੁੰਮ ਰਹੀ ਹੈ)***

***(ਘਰ ਦੀ ਬੈਲ ਵਜਦੀ ਹੈ, ਨਵੀ ਦਰਵਾਜਾ ਖੋਹਲਦੀ ਹੈ, ਰੌਕੀ ਕਾਹਲੀ***

*ਨਾਲ ਅੰਦਰ ਆਉਂਦਾ ਹੈ, ਕਾਫੀ ਡਰਿਆ ਹੋਇਆ ਹੈ, ਨਵੀ ਫੇਰ ਦਰਵਾਜ਼ਾ ਬੰਦ ਕਰਨ ਲੱਗਦੀ ਹੈ)*

**ਰੌਕੀ** : ਡੌਂਟ ਲਾਕ ਦਾ ਡੋਰ *(ਏਨੇ ਚਿਰ ਨੂੰ ਵਿੱਕੀ ਵੀ ਭੱਜ ਕੇ ਅੰਦਰ ਆ ਵੜਦਾ ਹੈ)*

**ਨਵੀ** : What happen vicky. *(ਵਿੱਕੀ ਕੀ ਹੋਇਆ?) (ਉਹ ਹੱਥ ਦੇਖਣ ਲੱਗਦੀ ਹੈ , ਜਿਸ 'ਚੋਂ ਲਹੂ ਵਗਦਾ ਹੈ ਤੇ ਵਿੱਕੀ ਉਸਨੂੰ ਧੱਕਾ ਮਾਰ ਦਿੰਦਾ ਹੈ, ਨਵੀ ਅੰਦਰੋਂ ਬੈਂਡੇਜ਼ ਲੈਣ ਜਾਂਦੀ ਹੈ ਤੇ ਬਾਹਰ ਜ਼ੋਰ ਦੀ ਖੜਕਾ ਹੁੰਦਾ ਹੈ, ਰੌਕੀ ਦਰਵਾਜ਼ਾ ਖੋਹਲ ਕੇ ਦੇਖਦਾ ਹੈ। ਬਾਹਰ ਕਾਰਾਂ ਦੇ ਸ਼ੀਸ਼ੇ ਤੋੜੇ ਜਾ ਰਹੇ ਹਨ, ਵਿੱਕੀ ਤੇ ਰੌਕੀ ਦੋਵੇਂ ਬਾਹਰ ਨਿਕਲਣ ਲੱਗਦੇ ਹਨ।)*

**ਨਵੀ** : *(ਰੌਕੀ ਨੂੰ ਫੜ ਕੇ ਰੋਕਦੀ ਹੈ)* ਰੌਕੀ ਤੂੰ ਅੰਦਰ ਹੀ ਰਹਿ।

*(ਰੌਕੀ ਬਾਹਰ ਨਿਕਲ ਜਾਂਦਾ ਹੈ)*

*(ਨਵੀ ਵਿੰਡੋ ਰਾਹੀਂ ਬਾਹਰ ਦੇਖਦੀ ਹੈ। ਬਾਹਰ ਹੋ ਰਹੀ ਲੜਾਈ ਨੂੰ ਦੇਖ ਕੇ 911 'ਤੇ ਕਾਲ ਕਰਦੀ ਹੈ।)*

***ਨਵੀ :*** There is fight going on outside my house. Please help us.

*(ਥੋੜੀ ਦੇਰ ਬਾਅਦ ਰੌਕੀ ਦੀ ਚੀਕਾਂ ਮਾਰਨ ਦੀ ਆਵਾਜ਼ ਆਉਂਦੀ ਹੈ, ਉਹ ਮਾਮ, ਮਾਮ ਕਰਦਾ ਅੰਦਰ ਆਉਂਦਾ ਹੈ ਤੇ ਅੰਦਰ ਆ ਕੇ ਫਲੋਰ 'ਤੇ ਡਿੱਗ ਪੈਂਦਾ ਹੈ। ਨਵੀ ਰੌਕੀ ਨੂੰ ਬੁਲਾਉਂਦੀ ਹੈ, ਪਰ ਉਹ ਬੋਲਣੋਂ ਹੱਟ ਜਾਂਦਾ ਹੈ, ਉਸਦੇ ਪੇਟ 'ਚੋਂ ਖੂਨ ਵਗਦਾ ਦੇਖ ਕੇ ਨਵੀ ਘਬਰਾ ਜਾਂਦੀ ਹੈ।)*

*(ਬਾਹਰ ਲੜਾਈ, ਭੰਨ ਤੋੜ ਆਦਿ ਆਵਾਜ਼ਾਂ ਜਾਰੀ ਹਨ, ਨਵੀ ਹੁਣ ਹੋਰ ਵੱਧ ਘਬਰਾਈ ਜਾਪਦੀ ਹੈ, ਉਹ ਉੱਚੀ ਆਵਾਜ਼ ਵਿਚ ਵਿੱਕੀ ਨੂੰ ਆਵਾਜ਼ ਮਾਰਦੀ ਹੈ।)*

**ਨਵੀ** : Vicky come back... come...

*(ਵਿੱਕੀ ਵਾਪਸ ਆ ਜਾਓ... ਆ ਜਾਓ)*

*(ਪਰ ਵਿੱਕੀ ਵਾਪਸ ਨਹੀਂ ਆਉਂਦਾ, ਲੜਾਈ ਦੀਆਂ ਆਵਾਜ਼ਾਂ ਜਾਰੀ ਹਨ, ਫਰਸ਼ 'ਤੇ ਪਿਆ ਰੌਕੀ ਤੜਪ ਰਿਹਾ ਹੈ, ਨਵੀ ਹੁਣ ਆਪਣੇ ਮੰਮੀ*

*ਡੈਡੀ ਨੂੰ ਫੋਨ ਕਰਦੀ ਹੈ)*

**ਨਵੀ** : Mom pick up the phone... Dad please pick up the phone

*(ਮੰਮੀ ਫੋਨ ਉਠਾਓ... ਡੈਡੀ ਪਲੀਜ਼ ਫੋਨ ਉਠਾ ਲਉ)*

***(ਤੜਪਦੇ ਰੌਕੀ ਵੱਲ ਦੇਖ ਕੇ ਉਹ ਉੱਚੀ ਉੱਚੀ ਰੋਣ ਲੱਗ ਪੈਂਦੀ ਹੈ, ਅਚਾਨਕ ਫੋਨ ਉਧਰੋਂ ਮੰਮੀ ਵੱਲੋਂ ਉਠਾ ਲਿਆ ਜਾਂਦਾ ਹੈ)***

Mom... come back... come back... our Rocky...

*(ਮੰਮੀ, ਵਾਪਸ ਆ ਜਾਓ, ਪਰਤ ਆਓ... ਆਪਣਾ ਰੌਕੀ...)*

***(ਨਵੀ ਤੋਂ ਅੱਗੇ ਨਹੀਂ ਬੋਲ ਹੁੰਦਾ... ਉਹ ਰੌਕੀ ਵੱਲ ਤੱਕਦੀ ਹੈ... ਰੌਕੀ ਤੜਪ ਕੇ ਫਿਰ ਸ਼ਾਂਤ ਜਿਹਾ ਹੋ ਜਾਂਦਾ ਹੈ, ਨਵੀ ਦੇ ਚਿਹਰੇ ਦੇ ਹਾਵ ਭਾਵ ਤੋਂ ਜਾਪਦਾ ਹੈ ਕਿ ਸ਼ਾਇਦ ਅਣਹੋਣੀ ਵਾਪਰ ਚੁੱਕੀ ਹੈ, ਫੋਨ ਉਸ ਦੇ ਹੱਥੋਂ ਛੁੱਟ ਜਾਂਦਾ ਹੈ, ਉਹ ਰੌਕੀ ਪਾਸ ਪਹੁੰਚਦੀ ਹੈ, ਰੌਕੀ ਦਾ ਸਿਰ ਆਪਣੀ ਗੋਦੀ ਵਿਚ ਰੱਖਦੀ ਹੈ ਤੇ ਫੁੱਟ ਫੁੱਟ ਕੇ ਰੋਂਦੀ ਹੈ, ਇਸੇ ਦੌਰਾਨ ਵਿੱਕੀ ਵੀ ਅੰਦਰ ਆਉਂਦਾ ਹੈ। ਉਹ ਅੰਦਰਲਾ ਦ੍ਰਿਸ਼ ਦੇਖ ਕੇ ਭੌਰ ਭੌਰ ਜਾਪਦਾ ਹੈ, ਉਹ ਰੌਕੀ ਨੂੰ ਦੇਖਣਾ, ਛੂਹਣਾ ਚਾਹੁੰਦਾ ਹੈ ਪਰ ਨਵੀ ਉੱਚੀ ਆਵਾਜ਼ ਵਿਚ ਰੋਕ ਦਿੰਦੀ ਹੈ)***

**ਨਵੀ** : Dont touch my bro... Vicky you are also a killer.

*(ਮੇਰੇ ਵੀਰੇ ਨੂੰ ਹੱਥ ਨਾ ਲਾਈਂ... ਤੂੰ ਵੀ ਕਾਤਲ ਏਂ ਵਿੱਕੀ)*

***(ਹੁਣ ਵਿੱਕੀ ਵੀ ਖੜ੍ਹਾ ਰੋਣ ਲੱਗ ਪੈਂਦਾ ਹੈ, ਇਸੇ ਦੌਰਾਨ ਅਮਨਪਾਲ, ਹਰਜੀਤ, ਰਵਿੰਦਰ ਕੌਰ, ਮਨਦੀਪ ਕੌਰ, ਜੋ ਰਸਤੇ 'ਚੋਂ ਹੀ ਮੁੜ ਪਏ ਸਨ, ਦਾਖਲ ਹੁੰਦੇ ਹਨ। ਰਵਿੰਦਰ ਕੌਰ ਦ੍ਰਿਸ਼ ਦੇਖ ਕੇ ਬੇਹੋਸ਼ ਹੋ ਕੇ ਡਿੱਗਦੀ ਹੈ। ਸਾਰੇ ਦ੍ਰਿਸ਼ ਦੀ ਮਨੋਦਸ਼ਾ ਗੀਤ ਦੇ ਬੋਲਾਂ ਰਾਹੀਂ ਪ੍ਰਗਟ ਹੁੰਦੀ ਹੈ, ਜੋ ਬਹੁਤ ਹੀ ਵੈਰਾਗਮਈ ਰੰਗ 'ਚ ਪਿੱਠ ਭੂਮੀ ਤੋਂ ਗਾਇਆ ਜਾ ਰਿਹਾ ਹੈ)***

**ਗੀਤ** : *ਇਕ ਫੁੱਲ ਜੋ ਟਾਹਣੀ ਤੋਂ ਟੁੱਟਿਆ, ਖਿੜਨ ਤੋਂ ਪਹਿਲਾਂ ਹੀ ਜੋ ਮੁਰਝਾ ਗਿਆ,*

*ਇਕ ਜ਼ਿੰਦਗੀ, ਜਿਸ ਮਹਿਕਣਾ ਸੀ, ਟਹਿਕਣਾ ਸੀ ਓਸ ਨੂੰ,*

*ਖਾ ਗਿਆ ਹਿੰਸਾ ਦਾ ਦੈਂਤ ਖਾ ਗਿਆ*

*(ਵਿੱਕੀ ਹੌਲੀ ਹੌਲੀ ਉਠਦਾ ਤੇ ਆਪਣੇ ਪਿਤਾ, ਮੰਮੀ ਤੇ ਨਵੀ ਸਾਹਵੇਂ ਜਾ ਕੇ ਹੱਥ ਜੋੜ ਕੇ ਮੁਆਫ਼ੀ ਮੰਗਦਿਆਂ ਆਖਦਾ ਹੈ)*

**ਵਿੱਕੀ** : ਡੈਡ, ਰੌਕੀ ਦੀ ਮੌਤ ਦਾ ਕੁਝ ਗੁਨਾਹਗਾਰ ਮੈਂ ਵੀ ਹਾਂ, ਮੈਨੂੰ ਸਜ਼ਾ ਦਿਉ ਮੌਮ, ਹਾਂ ਨਵੀ ਮੈਂ ਵੀ ਕਿਲਰ ਹਾਂ, ਆਪਣੇ ਈ ਭਰਾ ਦਾ ਕਾਤਲ (ਕੁਝ ਪਲ ਰੁਕ ਕੇ) ਮੈਂ ਸਮਝ ਲਿਐ ਪਰ ਬਹੁਤ ਕੁਝ ਗੁਆ ਕੇ ਸਮਝਿਐ... ਏਸ ਲੜਾਈ ਦਾ ਕੋਈ ਅੰਤ ਨਹੀਂ... No end... This aimless brutal gang war... No cause... only ego... ਇਸ ਲੜਾਈ ਨੇ ਮੇਰਾ ਛੋਟਾ ਭਰਾ ਮੈਥੋਂ ਖੋਹ ਲਿਐ... ਕੱਲ੍ਹ ਕੋਈ ਹੋਰ, ਕਿਸੇ ਹੋਰ ਦਾ ਭਰਾ ਜਾਂ ਬੇਟਾ ਮਰੇਗਾ... Enough ... ਬਹੁਤ ਹੋ ਗਿਆ ***(ਰਵਿੰਦਰ ਨੂੰ ਕੁਝ ਹੋਸ਼ ਆਉਂਦਾ ਹੈ) (ਵਿੱਕੀ ਉਸ ਵੱਲ ਵੱਧਦਾ ਹੈ)*** ਮੌਮ, ਮੈਨੂੰ ਆਪਣੀ ਬੁੱਕਲ ਵਿਚ ਲੈ ਲਉ... ਬਚਪਨ ਵਾਂਗ... ਮੈਂ ਤੁਹਾਡੇ ਪਾਸ ਵਾਪਸ ਆ ਗਿਆਂ... ਬਹੁਤ ਕੁਝ ਗੁਆ ਕੇ... ਸੌਰੀ ਮੌਮ ਵੈਰੀ ਸੌਰੀ...

*(ਇਕ ਆਵੇਸ਼ ਜਿਹੇ ਵਿਚ ਰਵਿੰਦਰ ਵਿੱਕੀ ਨੂੰ ਗੋਦੀ 'ਚ ਲੈਂਦਿਆਂ ਉੱਚੀ ਉੱਚੀ ਰੋਂਦੀ ਹੈ, ਗੀਤ ਦੀਆਂ ਸਤਰਾਂ ਨਾਲ ਨਾਟਕ ਸਿਖ਼ਰ 'ਤੇ ਪੁੱਜਦਾ ਹੈ)*

**ਗੀਤ** : *ਖ਼ੂਨ ਦੀ ਹੋਲੀ ਬਥੇਰੀ ਖੇਡ ਲਈ,*
*ਮੌਤ ਦਾ ਤਾਂਡਵ ਬਥੇਰਾ ਹੋ ਗਿਆ,*
*ਗੋਦ ਸੁੰਨੀ ਹੋ ਗਈ ਤਾਂ ਵਿਲਕਦੀ ਮਮਤਾ ਫਿਰੇ,*
*ਖੋ ਗਿਆ ਕੋਈ ਲਾਲ ਘੱਟੇ ਖੋ ਗਿਆ*
*ਅਜੇ ਵਕਤ ਹੈ ਸੰਭਲ ਜਾਓ, ਪਰਤ ਆਓ ਸੋਹਣਿਉਂ*
*ਖੁੱਲ੍ਹੇ ਨੇ ਬੂਹੇ 'ਡੀਕਦੇ, ਚੋ ਗਿਆ, ਕੋਈ ਤੇਲ ਕੌਲ਼ੀ ਚੋ ਗਿਆ*
*ਖ਼ੂਨ ਦੀ ਹੋਲੀ ਬਥੇਰੀ ਖੇਡ ਲਈ...*

***(ਪਰਦਾ ਡਿੱਗਦਾ ਹੈ)***

–o–

ਨਾਟਕ

# ਅਹਿਸਾਸ



ਨਾਟਕ ਦਾ ਇਕ ਦ੍ਰਿਸ਼

# ਅਹਿਸਾਸ

## *ਪਾਤਰ*

| | | |
|---|---|---|
| ਨਾਹਰ ਸਿੰਘ | : | ਕੈਨੇਡਾ ਸੈਟਲ ਹੋ ਚੁੱਕਿਆ ਪੰਜਾਬੀ |
| ਅਵਤਾਰ ਕੌਰ | : | ਨਾਹਰ ਸਿੰਘ ਦੀ ਪਤਨੀ |
| ਸ਼ੈਲੀ | : | ਨਾਹਰ ਸਿੰਘ ਦੀ ਪੁੱਤਰੀ |
| ਅਨੀਸ਼ | : | ਨਾਹਰ ਸਿੰਘ ਦੀ ਛੋਟੀ ਬੇਟੀ |
| ਅਮਰ ਸਿੰਘ | : | ਨਾਹਰ ਸਿੰਘ ਦਾ ਦੋਸਤ |
| ਟੋਨੀ | : | ਅਮਰ ਸਿੰਘ ਦਾ ਪੁੱਤਰ |
| ਸੁਰਜੀਤ ਸਿੰਘ | : | ਨਾਹਰ ਸਿੰਘ ਦਾ ਸੁਹਿਰਦ ਗੁਆਂਢੀ |

***(ਪਰਦਾ ਉੱਠਦਿਆਂ ਹੀ ਨਾਹਰ ਦੇ ਘਰ ਦੇ ਲਿਵਿੰਗ ਰੂਮ ਦਾ ਦ੍ਰਿਸ਼ ਦਿਖਾਈ ਦਿੰਦਾ ਹੈ, ਨਾਹਰ ਸੋਫੇ 'ਤੇ ਬੈਠਾ ਹੈ ਉਸਦੇ ਅੱਗੇ ਖੁੱਲ੍ਹੀ ਸ਼ਰਾਬ ਦੀ ਬੋਤਲ ਤੇ ਕੁਝ ਹੋਰ ਸਮਾਨ ਪਿਆ ਹੈ। ਘਰ ਦੀ ਬੈੱਲ ਵੱਜਦੀ ਹੈ ਤੇ ਨਾਹਰ ਉੱਠ ਕੇ ਦਰਵਾਜ਼ਾ ਖੋਲਦਾ ਹੈ, ਅਮਰ ਤੇ ਟੋਨੀ ਅੰਦਰ ਦਾਖਲ ਹੁੰਦੇ ਹਨ।)***

**ਨਾਹਰ** : ***(ਅਮਰ ਨਾਲ ਹੱਥ ਮਿਲਾਉਂਦਿਆਂ)*** ਕਿਵੇਂ ਐ ਤੇਰਾ ਹਾਲ ਚਾਲ?

**ਅਮਰ** : ਜਦੋਂ ਨਸ਼ੇ ਪੱਤੇ ਫੁੱਲ ਹੋਣ, ਫਿਰ ਹਾਲ ਚਾਲ ਤਾਂ ਠੀਕ ਹੀ ਹੁੰਦੈ,

***(ਸਾਰੇ ਜਣੇ ਸੋਫੇ 'ਤੇ ਲਵ ਸੀਟ 'ਤੇ ਬੈਠਦੇ ਹਨ)***

**ਟੋਨੀ** : ਸਾਸਰੀ ਕਾਲ ***(ਕਾਹਲੀ ਜਿਹੀ ਨਾਲ ਬੋਲਦਾ ਹੈ)***

**ਨਾਹਰ** : ਬਈ ਪਤਾ ਜਿਹਾ ਨੀਂ ਲੱਗਿਆ ***(ਟੋਨੀ ਵੱਲ ਦੇਖ ਕੇ)*** ਮੁੰਡਾ ਕੀ ਕਹਿ ਗਿਆ?

**ਅਮਰ** : ਬਈ ਸਤਿ ਸ੍ਰੀ ਅਕਾਲ ਨੂੰ ਥੋੜੀ ਜਿਹੀ ਐਕਸਟੈਂਡ ਕਰ ਦਿਆ ਕਰ।

**ਟੋਨੀ** : ਬਈ ਸਤਿ ਸ੍ਰੀ ਅਕਾਲ।

**ਨਾਹਰ** : ਸਤਿ ਸ੍ਰੀ ਅਕਾਲ, ਨਾ ਇਹ ਦੱਸ ਬਈ, ਘਰ ਤਾਂ ਸੌਖਾ ਹੀ ਲੱਭ ਗਿਆ ਸੀ?

**ਅਮਰ** : ਲੈ ਘਰ ਦੀ ਸੁਣ ਲੈ, ਜਦੋਂ ਮੈਂ ਤੁਰਨ ਲੱਗਿਆ ਤਾਂ ਐਡਰੈੱਸ ਭੁੱਲ ਗਿਆ।

**ਨਾਹਰ** : ਕੱਲ੍ਹ ਜਦ ਮੈਂ ਤੈਨੂੰ ਐਡਰੈੱਸ ਲਿਖਾਇਆ, ਤੂੰ ਉਸ ਵਕਤ ਪੂਰਾ ਟੱਲੀ ਸੀ।

**ਅਮਰ** : ਉਹੀ ਤਾਂ ਗੱਲ ਐ, ਅੱਜ ਫਿਰ ਸੋਫੀ ਦੇ ਯਾਦ ਨਾ ਆਵੇ, ਫਿਰ ਮੈਂ ਸੋਚਿਆ ਮਨਾਂ ਦੋ ਪੈੱਗ ਲਾਵਾਂ, ਬੱਸ ਪੈੱਗ ਲਾਏ ਨੀ, ਉਦੋਂ ਹੀ ਆ ਗਿਆ ਐਡਰੈੱਸ ਯਾਦ।

**ਟੋਨੀ** : ਅੰਕਲ, ਮੇਰੇ ਡੈਡੀ ਦੇ ਕੰਪਿਊਟਰ 'ਚ ਡਿਸਕ ਹੀ ਇਹੋ ਜਿਹੀ ਐ।

**ਅਮਰ** : ਜਿਹੜੀ ਗੱਲ ਖਾਧੀ ਪੀਤੀ 'ਚ ਸੁਣਾਂ, ਉਹ ਪੀਤੀ ਤੇ ਹੀ ਯਾਦ ਆਉਂਦੀ ਐ। ***(ਨਾਹਰ ਨੂੰ ਚੁੱਪ ਜਿਹਾ ਦੇਖ ਕੇ)*** ਨਾ ਹੁਣ ਕਿਹੜੀਆਂ ਸੋਚਾਂ 'ਚ ਪੈ ਗਿਆ। ਮੈਨੂੰ ਪਤੈ ਬਈ ਯਾਦਾਸ਼ਤ ਹੁਣ ਤੇਰੀ ਵੀ ਠੀਕ ਠਾਕ ਹੀ ਐ।

**ਨਾਹਰ** : ਅਮਰ ਮੈਂ ਕਈਆਂ ਤੋਂ ਸੁਣਿਆ ਸੀ। ਬਈ ਨਵਾਂ ਸਾਲ ਚੜ੍ਹਨੇ ਵਾਲਾ ਏ, ਤਦੇ ਤੈਨੂੰ ਫੋਨ ਕੀਤਾ ਸੀ।

**ਅਮਰ** : ਤੂੰ ਜਿਹੜਾ ਕੁਝ ਸੁਣਿਆ ਉਹ ਠੀਕ ਹੀ ਐ। ***(ਬੋਤਲ ਵੱਲ ਹੱਥ ਕਰਕੇ)*** ਇਹਨੂੰ ਹੁਣ ਪਾ ਵੀ ਲੈ, ਕਿ ਨਵਾਂ ਸਾਲ ਚੜ੍ਹੇ 'ਤੇ ਹੀ ਪਾਵੇਂਗਾ।

**ਨਾਹਰ** : ***(ਬੋਤਲ ਚੁੱਕ ਕੇ ਦਾਰੂ ਗਲਾਸਾਂ 'ਚ ਪਾਉਣ ਲਗਦਾ ਹੈ)*** ਮੁੰਡਾ ਕਿਵੇਂ ਐਂ, ***(ਮੁੰਡੇ ਵੱਲ ਵੇਖ ਕੇ)*** ਪਾਵਾਂ ਇਹਨੂੰ ਵੀ।

**ਅਮਰ** : ਇਹ ਕਿਹੜੀ ਗੱਲ ਕਰਤੀ, ਭਲਾ ਮੁੰਡਾ ਕੀਹਦਾ? ਸਿਆਣੇ ਠੀਕ ਹੀ ਕਹਿੰਦੇ ਨੇ ਮਾਂ ਤੇ ਧੀ, ਪਿਉ ਤੇ ਘੋੜਾ, ਬਹੁਤਾ ਨਹੀਂ ਤਾਂ ਥੋੜਾ ਥੋੜਾ।

***(ਨਾਹਰ ਦੋਨਾਂ ਨੂੰ ਗਲਾਸ ਚੁੱਕ ਕੇ ਫੜਾਉਂਦਾ ਹੈ)***

**ਅਮਰ** : ਟੋਨੀ ਨੂੰ ਤਾਂ ਜਦੋਂ ਛੋਟੇ ਹੁੰਦੇ ਨੂੰ ਕਦੀ ਜ਼ੁਕਾਮ ਹੋਣਾ ਤਾਂ ਮੈਂ ਇਹਨੂੰ ਘੁੱਟ ਦਾਰੂ ਦੀ ਹੀ ਪਿਲਾ ਦਿੰਦਾ ਸੀ। ਬਿਮਾਰੀ ਠੀਕ।

**ਨਾਹਰ** : ਬਈ ਨਾਲੇ ਜੇ ਜੱਟਾਂ ਦੇ ਮੁੰਡੇ ਨੀ ਪੀਣਗੇ, ਫੇਰ ਹੋਰ ਕੌਣ ਪੀਵੇਗਾ, ਕਾਕਾ ਤੂੰ ਉਹ ਗਾਣਾ ਸੁਣਿਆ ਹੋਣੈ, ਚਿੱਟੇ ਚਾਦਰੇ ਜਮੀਨਾਂ ਗਹਿਣੇ, ਪੁੱਤ ਸਰਦਾਰਾਂ ਦੇ। ***(ਗਾ ਕੇ ਸੁਣਾਉਂਦਾ ਹੈ)***

**ਵਿੱਕੀ** : ***(ਪੈੱਗ ਪੀ ਕੇ ਖਤਮ ਕਰਦਾ ਹੈ)*** ਡੈਡੀ ਮੈਂ ਤਾਂ ਫਿਰ ਚੱਲਿਆਂ ਪਾਰਟੀ 'ਚ।

***(ਉੱਠ ਕੇ ਤੁਰਦਾ ਹੈ, ਮੰਚ ਤੋਂ ਪ੍ਰਸਥਾਨ ਕਰਦਾ ਹੈ)***

**ਅਮਰ** : *(ਪਿੱਛੋਂ ਆਵਾਜ਼ ਮਾਰਦਿਆਂ)* ਗੱਡੀ ਧਿਆਨ ਨਾਲ ਚਲਾਵੀਂ।

**ਨਾਹਰ** : ਅਮਰ ਸਿਆਂ ਤੂੰ ਦੱਸਿਆ ਨਹੀਂ, ਬਈ ਮੁੰਡਾ ਅੱਜ ਕੱਲ੍ਹ ਕਰਦਾ ਕੀ ਐ?

**ਅਮਰ** : ਪੜ੍ਹਿਆ ਤਾਂ ਇਹ ਬਹੁਤਾ ਹੈ ਨੀ, ਇਹਦੇ ਆੜੀ ਵੀ ਸਾਰੇ ਏਦਾਂ ਦੇ ਹੀ ਸਨ, ਫੇਰ ਮੈਂ ਵੀ ਕਿਹਾ ਬਈ ਜੇ ਨਹੀਂ ਪੜ੍ਹਨਾ ਤਾਂ ਛੱਡ ਪਰੇ। ਅਜੇ ਪੱਕਾ ਕੰਮ ਵੀ ਕੋਈ ਨੀ।

**ਨਾਹਰ** : ਫੇਰ ਹੁਣ ਖਰਚਾ ਪਾਣੀ ਕਿਥੋਂ ਤੋਰਦੈ।

**ਅਮਰ** : ਲੈ ਕਰਤੀ ਗੱਲ, ਭਲਾਂ ਕੈਨੇਡਾ ਵਰਗੇ ਮੁਲਕ 'ਚ ਖਰਚਾ ਪਾਣੀ ਤੋਰਨਾ ਕੀ ਔਖੈ, ਬੰਦੇ ਦਾ ਥੋੜਾ ਜਿਹਾ ਦਿਮਾਗ ਚਾਹੀਦੈ, ਪੈਸੇ ਜਿੰਨੇ ਮਰਜ਼ੀ ਖੱਟ ਲਓ।

**ਨਾਹਰ** : ਨਾਲੇ ਕਹਿਨਾਂ ਕੰਮ ਵੀ ਕੋਈ ਨੀ ਕਰਦਾ, ਨਾਲੇ ਕਹਿੰਦੈਂ ਪੈਸੇ ਬਣਾਉਣੇ ਕੀ ਔਖੇ ਨੇ, ਕਿਤੇ ਗੇੜਾ ਤਾਂ ਨਹੀਂ ਲਾਉਂਦਾ ਬਾਰਡਰ 'ਤੇ।

**ਅਮਰ** : ਲਾਉਂਦਾ ਤਾਂ ਗੇੜਾ ਹੀ ਐ, ਪਰ ਇੰਡੀਆ ਦਾ ਲਾਉਂਦੈ, ਉਹ ਵੀ ਕਾਨੂੰਨ 'ਚ ਰਹਿ ਕੇ।

**ਨਾਹਰ** : ਗੇੜਾ, ਉਹ ਵੀ ਕਾਨੂੰਨ 'ਚ।

**ਅਮਰ** : ਇੱਟ ਨਾਲ ਘੁੱਗੀ ਕੁੱਟੀਦੀ ਐ।

**ਨਾਹਰ** : ਯਾਰ ਕੀ ਬੁਝਾਰਤਾਂ ਜਿਹੀਆਂ ਪਾਈ ਜਾਨੈ।

**ਅਮਰ** : ਲੈ ਇਹ ਵੀ ਸੁਣ ਲੈ, ਇੰਡੀਆ ਤੋਂ ਕਿਸੇ ਦੀ ਕੁੜੀ ਨੂੰ ਏਧਰ ਕੱਢਿਐ, ਡਾਲਰ 35 ਹਜ਼ਾਰ ਲਿਆ, ਨਾਲੇ ਸਾਰਾ ਆਉਣ ਜਾਣ 'ਤੇ ਘੁੰਮਣ ਫਿਰਨ ਦਾ ਖਰਚਾ। ਨਾ ਹਿੰਗ ਲੱਗੀ ਨਾ ਫਟਕੜੀ। ਠਹਖਬਗ;

**ਨਾਹਰ** : ਰੰਗ ਚੋਖੇ ਦਾ ਚੋਖਾ *(ਅਮਰ ਦੇ ਮੋਢੇ 'ਤੇ ਹੱਥ ਮਾਰ ਕੇ)* ਅਮਰ ਸਿਆਂ ਜੋਟੀਦਾਰ ਤੂੰ ਭਾਵੇਂ ਸਾਡਾ ਈ ਐਂ, ਪਰ ਤੇਰਾ ਦਿਮਾਗ ਇਹੋ ਜਿਹੇ ਕੰਮਾਂ ਵੱਲ ਨੂੰ ਬਹੁਤਾ ਚਲਦੈ। ਦੋ ਨੰਬਰ ਨਾਲ ਪੈਸਾ ਬਣਾਉਣਾ ਤਾਂ ਕੋਈ ਤੈਥੋਂ ਸਿੱਖੇ।

**ਅਮਰ** : ਇਹ ਦੋ ਨੰਬਰ ਕਾਹਦਾ? ਨਾਲੇ ਤਾਂ ਦੋ ਘਰਾਂ ਦੇ ਮੁੰਡੇ ਕੁੜੀਆਂ ਏਧਰ ਆ ਗਏ, ਉਥੇ ਪੰਜਾਬ 'ਚ ਬੇਰੁਜ਼ਗਾਰ ਤੁਰੇ ਫਿਰਦੇ ਸੀ, ਨਾਲੇ ਹੁਣ ਬਾਕੀ ਦਾ ਕੋੜਮਾ ਇੱਧਰ ਆਜੂ। ਨਾਲੇ ਸਾਡਾ ਮੁੰਡਾ ਬਹਾਨੇ ਨਾਲ ਪੰਜਾਬ ਦੇਖ

ਆਇਆ।

**ਨਾਹਰ** : ਬਹੁਤੇ ਲੋਕ ਇਹੋ ਜਿਹੇ ਕੰਮ ਨੂੰ ਨਹੀਂ ਮੰਨਦੇ।

**ਅਮਰ** : ਹੱਥ ਨਾ ਪੁੱਜੇ ਥੂ ਕੌੜੀ ਵਾਲੀ ਗੱਲ ਐ। ਜਿਨ੍ਹਾਂ ਦੇ ਜੁਆਕ ਆਖੇ ਨਹੀਂ ਲੱਗਦੇ, ਉਹ ਦੂਜਿਆਂ ਨੂੰ ਮੱਤਾਂ ਦੇਣ ਲੱਗ ਪੈਂਦੇ ਨੇ। ਪਹਿਲਾਂ ਤਾਂ ਮੇਰਾ ਮੁੰਡਾ ਵੀ ਕਹਿੰਦਾ ਸੀ, ਡੈਡ ਇਹ ਕੰਮ ਠੀਕ ਨਹੀਂ। ਫੇਰ ਜਦੋਂ ਮੈਂ ਸਮਝਾਇਆ ਫੇਰ ਕਹਿੰਦਾ, ਡੈਡ ਇੱਟ ਇਜ਼ ਇਜ਼ੀ ਮਨੀ।

***(ਦਰਵਾਜ਼ਾ ਖੁੱਲਣ ਦਾ ਖੜਕਾ ਹੁੰਦਾ ਹੈ ਤੇ ਨਾਹਰ ਇਕਦਮ ਘਬਰਾ ਜਾਂਦਾ ਹੈ)***

**ਅਮਰ** : ਬੜਾ ਡਰਿਐਂ ਜਿਵੇਂ ਕੋਈ ਭੂਤ ਦੇਖਿਆ ਹੋਵੇ।

**ਨਾਹਰ** : ਮੈਂ ਕਿਸੇ ਭੂਤ ਭਾਤ ਤੋਂ ਨਹੀਂ ਡਰਦਾ, ਮੈਨੂੰ ਤਾਂ ਲਗਦੈ ਮੇਰੀ ਘਰਵਾਲੀ ਆਗੀ।

**ਅਮਰ** : ***(ਅਵਤਾਰ ਤੇ ਬੱਚਿਆਂ ਨੂੰ ਅੰਦਰ ਆਉਂਦਿਆਂ ਦੇਖ ਕੇ)*** ਲਗਦਾ ਹੀ ਨਹੀਂ, ਸੱਚੀ ਮੁੱਚੀ ਆਗੀ।

**ਨਾਹਰ** : (ਗਲਾਸ ਹੱਥ 'ਚ ਚੁੱਕ ਕੇ) ਨਿਕਲ ਚੱਲ ਛੇਤੀ।

**ਅਮਰ** : ਕਿੱਥੇ ਨਿਕਲਾਂ, ਮੈਂ ਤਾਂ ਹੁਣ ਖਾਣਾ ਖਾ ਕੇ ਹੀ ਜਾਵਾਂਗਾ।

**ਨਾਹਰ** : ਇਹ ਹੁਣ ਤੇਰੇ ਨਾਲ ਬੁਰੀ ਕਰੇਗੀ, ਤੇਰੀ ਬੇਇਜ਼ਤੀ ਮੇਰੇ ਕੋਲੋਂ ਸਹਾਰੀ ਨਹੀਂ ਜਾਣੀ।

***(ਦੋਵੇਂ ਉੱਠ ਕੇ ਬਾਹਰ ਨਿਕਲ ਜਾਂਦੇ ਹਨ, ਕਾਰ ਸਟਾਰਟ ਹੋਣ ਦੀ ਆਵਾਜ਼ ਆਉਂਦੀ ਹੈ)***

**ਅਵਤਾਰ** : ***(ਜੁਆਕਾਂ ਨੂੰ ਸੋਫੇ 'ਤੇ ਬਿਠਾ ਕੇ ਉਨ੍ਹਾਂ ਦੇ ਕੋਟ ਲਾਹੁੰਦੀ ਹੈ)*** ਜੇ ਤੁਹਾਡਾ ਡੈਡੀ ਮੇਰੀ ਕੁਝ ਮਦਤ ਕਰ ਦਿਆ ਕਰੇ ਤਾਂ ਮੇਰੀ ਵੀ ਜਾਨ ਸੌਖੀ ਹੋ ਜਾਵੇ। ਕੰਮ ਤੋਂ ਆ ਕੇ, ਤੁਹਾਨੂੰ ਬੇਬੀ ਸਿਟਰ ਦਿਉਂ ਚੁੱਕ ਕੇ, ਠੰਡ 'ਚ ਘਰ ਲਿਆਉਣਾ ਕਿਹੜਾ ਸੌਖਾ ਏ।

**ਸ਼ੈਲੀ** : ਮੰਮੀ ਤੁਸੀਂ ਕਾਰ ਦਾ ਲਾਇਸੈਂਸ ਕਿਉਂ ਨੀ ਲੈ ਲੈਂਦੇ?

**ਅਵਤਾਰ** : ਮੈਨੂੰ ਤੁਹਾਡੇ ਡੈਡੀ ਨੇ ਲਾਇਸੈਂਸ ਲੈਣ ਨਹੀਂ ਦਿੱਤਾ। ਬੰਦਾ ਆਪ ਭਾਵੇਂ ਜਿੰਨਾ ਮਰਜ਼ੀ ਬੁਰਾ ਹੋਵੇ ਪਰ ਜਨਾਨੀ 'ਤੇ ਸ਼ੱਕ ਕਰਨੋਂ ਨਹੀਂ ਹਟਦਾ।

**ਅਨੀਸ਼ :** ਮੰਮੀ ਮੈਂ ਲਾਇਸੈਂਸ ਲੈ ਲਵਾਂਗੀ, ਫੇਰ ਤੁਸੀਂ ਮੇਰੇ ਨਾਲ ਕਾਰ 'ਚ ਬੈਠ ਕੇ ਚੱਲਿਆ ਕਰੋ।

**ਸ਼ੈਲੀ :** ***(ਸ਼ੈਲੀ ਉੱਠ ਕੇ ਅਨੀਸ਼ ਦੀ ਜਿਵੇਂ ਮਿਣਤੀ ਕਰਦੀ ਹੋਵੇ)*** ਇਥੇ ਦੋ ਫੁੱਟ ਦੇ ਬੰਦੇ ਨੂੰ ਲਾਇਸੈਂਸ ਲੈਣ ਦੀ ਇਜ਼ਾਜਤ ਨਹੀਂ ਦਿੰਦੇ। ***(ਦੋਵੇਂ ਹਸਦੀਆਂ ਹਨ)*** ਮੰਮੀ ਜੀ ਤੁਸੀਂ ਕਿਉਂ ਨਹੀਂ ਹੱਸਦੇ?

**ਅਵਤਾਰ :** ਪੁੱਤ ਮੈਨੂੰ ਤਾਂ ਇਹੀ ਡਰ ਵੱਢ ਵੱਢ ਖਾਂਦੈ, ਤੁਹਾਡਾ ਡੈਡੀ ਦਾਰੂ ਪੀ ਕੇ ਕਾਰ ਲੈ ਕੇ ਨਿਕਲ ਗਿਆ, ਕਿਤੇ ਕੋਈ ਐਕਸੀਡੈਂਟ ਵਗੈਰਾ ਨਾ ਕਰ ਬੈਠੇ। ***(ਉਸੇ ਵਕਤ ਫੋਨ ਦੀ ਘੰਟੀ ਵੱਜਦੀ ਹੈ)***

***(ਸ਼ੈਲੀ ਫੋਨ ਚੁੱਕ ਕੇ ਹੈਲੋ ਕਹਿੰਦੀ ਹੈ, ਉਧਰੋਂ ਅਮਰ ਦੀ ਆਵਾਜ਼ ਹੈ)***

**ਅਮਰ :** ਸ਼ੈਲੀ ਬੇਟਾ ਤੇਰੀ ਮੰਮੀ ਨੂੰ ਫੋਨ ਦੇਣਾ।

***(ਸ਼ੈਲੀ ਅਵਤਾਰ ਨੂੰ ਫੋਨ ਫੜਾਉਂਦੀ ਹੈ)***

**ਅਵਤਾਰ :** ਹੈਲੋ।

**ਅਮਰ :** ਮੈਂ ਜੀ ਅਮਰ ਬੋਲਦਾਂ।

**ਅਵਤਾਰ :** ਬੋਲੋ।

**ਅਮਰ :** ਆਹ ਤੁਹਾਡੇ ਨਾਲ ਵਾਲੀ ਸਟਰੀਟ 'ਤੇ ਪੁਲਿਸ ਵਾਲਿਆਂ ਨੇ ਨਾਹਰ ਨੂੰ ਰੋਕ ਲਿਆ ਸੀ। ਮੈਂ ਤੁਹਾਨੂੰ ਇਸ ਕਰਕੇ ਫੋਨ ਕੀਤਾ ਬਈ ਉਹਦਾ ਪਤਾ ਕਰ ਲਿਉ।

**ਅਵਤਾਰ :** ਤੂੰ ਸਿਰਫ ਖਾਣ ਪੀਣ ਤੱਕ ਉਹਦੇ ਨਾਲ ਸੀ, ਹੁਣ ਉਹ ਫਸ ਗਿਆ ਤੇ ਤੂੰ ਫੋਨ ਸਾਨੂੰ ਕਰ ਦਿੱਤਾ ***(ਕਹਿ ਕੇ ਫੋਨ ਰੱਖਦੀ ਹੈ)***

**ਸ਼ੈਲੀ :** ਮਾਮ ਕੀ ਗੱਲ ਹੋ ਗਈ।

**ਅਵਤਾਰ :** ਪੁੱਤ ਉਹ ਹੀ ਕੁਝ ਹੋ ਗਿਆ ਜਿਸਦਾ ਮੈਨੂੰ ਡਰ ਸੀ, ਤੁਹਾਡਾ ਡੈਡੀ ਅੱਜ ਦੂਜੀ ਵਾਰ ਦਾਰੂ ਪੀ ਕੇ ਗੱਡੀ ਚਲਾਉਂਦਾ ਫੜਿਆ ਗਿਆ ਹੈ।

**ਸ਼ੈਲੀ :** ***(ਚਿੰਤਾ ਨਾਲ)*** ਮਾਮ ਡੈਡੀ ਦਾ ਨਾਂ ਹੁਣ ਨਿਊਜ਼ ਪੇਪਰ 'ਚ ਆਵੇਗਾ?

**ਅਨੀਸ਼ :** ***(ਹੱਸਦੀ ਐ ਤੇ ਉੱਠ ਕੇ ਕਹਿੰਦੀ ਹੈ)*** ਵਾਉ।

**ਅਵਤਾਰ :** ***(ਉਸ ਨੂੰ ਫੜ ਕੇ ਬਿਠਾਉਂਦੀ ਹੈ)*** ਵਾਉ ਦੀਏ ਲੱਗਦੀਏ, ਉਹ ਮਨਿਸਟਰ

ਥੋੜਾ ਬਣਿਐ।

**ਸ਼ੈਲੀ** : ਇਹ ਤਾਂ ਸ਼ਰਮ ਵਾਲੀ ਗੱਲ ਹੈ, ਮੇਰੇ ਸਾਰੇ ਦੋਸਤ ਮੈਨੂੰ ਮਜ਼ਾਕ ਕਰਨਗੇ।

**ਅਵਤਾਰ** : ਇਹਦੇ ਵਿਚ ਤੁਹਾਡਾ ਕੀ ਕਸੂਰ ਐ, ਤੁਸੀਂ ਆਪਣੀ ਪੜ੍ਹਾਈ ਵੱਲ ਧਿਆਨ ਦਿਉ, ਇਹਨੇ ਤਾਂ ਇਹੀ ਗੱਲ ਕਰਦੇ ਰਹਿਣਾ।

*(ਨਾਹਰ ਘਰ 'ਚ ਦਾਖਲ ਹੁੰਦਾ ਹੈ)*

**ਨਾਹਰ** : ਨਾ ਤੁਹਾਨੂੰ ਅਮਰ ਨੇ ਫੋਨ ਨਹੀਂ ਸੀ ਕੀਤਾ?

**ਅਵਤਾਰ** : ਕਰ ਦਿੱਤਾ ਸੀ, ਦੇ ਦਿੱਤੀ ਸੀ ਗੁੱਡ ਨਿਊਜ਼।

**ਨਾਹਰ** : ਆਹ ਕੋਲ ਤਾਂ ਸੀ, ਆ ਜਾਂਦੀ ਉਥੇ, ਬੰਦਾ ਬੰਦੇ ਦੀ ਮਦਦ ਹੀ ਕਰ ਦਿੰਦੈ।

**ਸ਼ੈਲੀ** : ਡੈਡ, ਮਾਮ ਪੁਲਿਸ ਨੂੰ ਕੀ ਕਹਿ ਸਕਦੀ ਸੀ।

**ਨਾਹਰ** : ਤੂੰ ਚੁੱਪ ਕਰਕੇ ਬੈਠ, ਲੱਗੀ ਐ ਮੱਤਾਂ ਦੇਣ।

**ਅਵਤਾਰ** : ਨਾਂ ਮੈਂ ਉਥੇ ਕੀ ਮਦਦ ਕਰਨ ਆਉਂਦੀ, ਤੂੰ ਕੋਈ ਜੈਤੋਂ ਦੇ ਮੋਰਚੇ 'ਤੇ ਗਿਆ ਸੀ? ਨਾਲੇ ਤੇਰੇ ਨਾਲ ਕਿਹੜਾ ਇਹ ਪਹਿਲੀ ਵਾਰ ਹੋਈ ਐ।

**ਨਾਹਰ** : ਇਹ ਕਿਹੜਾ ਮੇਰੇ ਕੱਲੇ ਨਾਲ ਹੋਈ ਐ, ਆਪਣੀ ਕਮਿਊਨਿਟੀ ਦੇ ਸੈਂਕੜੇ ਈ ਫੜੇ ਜਾਂਦੇ ਨੇ। ਉਨ੍ਹਾਂ ਦੇ ਘਰ 'ਚ ਤਾਂ ਏਦਾਂ ਰੌਲੇ ਨੀ ਪੈਂਦੇ।

**ਅਵਤਾਰ** : ਮੇਰਾ ਨੀ ਖਿਆਲ ਬਈ ਉਨ੍ਹਾਂ ਘਰਾਂ 'ਚ ਦਾਰੂ ਪੀ ਕੇ ਚਾਰਜ ਹੋਣ ਵਾਲਿਆਂ ਦੇ ਫੁੱਲਾਂ ਦੇ ਹਾਰ ਪਾਉਂਦੇ ਨੇ।

**ਸ਼ੈਲੀ** : ਡੈਡੀ ਕਸੂਰ ਤੁਹਾਡਾ ਐ, ਤੁਸੀਂ ਮੰਮੀ ਨੂੰ ਗੁੱਸੇ ਹੋਈ ਜਾਨੇ ਓ।

**ਨਾਹਰ** : ਤੂੰ ਚੁੱਪ ਕਰਦੀ ਐ ਜਾਂ ਨਹੀਂ।

**ਅਵਤਾਰ** : ਜੁਆਕਾਂ ਨੂੰ ਕਿਉਂ ਵੱਢ ਖਾਣ ਨੂੰ ਪੈਨੈਂ, ਪੀਣੋਂ ਤੂੰ ਆਪ ਨੀ ਹੱਟਦਾ।

**ਨਾਹਰ** : ਦਾਰੂ ਮੈਂ ਐਵੇਂ ਨੀ ਪੀਣ ਲੱਗ ਗਿਆ, ਤੈਨੂੰ ਪਤਾ ਨੀ ਇਥੇ ਰਫਿਊਜ਼ੀ ਬਣ ਕੇ ਰਹਿਣਾ ਕਿੰਨਾ ਔਖਾ, ਮੈਨੂੰ ਹੀ ਪਤੈ ਕੇ ਕਿਵੇਂ ਮੈਂ ਟਾਇਮ ਲੰਘਾਇਆ।

**ਅਵਤਾਰ** : ਮੈਂ ਵੀ ਤਾਂ ਪਿੱਛੇ ਕੱਲੀ ਹੀ ਸੀ, ਜਿਵੇਂ ਲੋਕਾਂ ਦੇ ਤਾਹਨੇ ਮਿਹਣੇ ਸੁਣ ਸੁਣ ਮੈਂ ਟਾਈਮ ਕੱਟਿਆ, ਉਹ ਮੈਂ ਹੀ ਜਾਣਦੀ ਆਂ, ਪਰ ਮੈਂ ਤਾਂ ਪੀਣ ਨਾ ਲੱਗ ਗਈ।

**ਨਾਹਰ** : ਇਥੇ ਆ ਕੇ ਜਨਾਨੀਆਂ ਨੂੰ ਪਰ ਲੱਗ ਜਾਂਦੇ ਨੇ, ਉਏ ਮੈਂ ਤਾਂ ਤੈਨੂੰ ਛੱਡ ਕੇ ਹੁਣ ਵੀ ਇੰਡੀਆ ਚਲਿਆ ਜਾਵਾਂ, ਮੈਨੂੰ ਤਾਂ ਅਜੇ ਵੀ ਰਿਸ਼ਤਿਆਂ ਵਾਲੇ ਭੱਜੇ ਫਿਰਨਗੇ।

**ਅਵਤਾਰ** : ਭੁੱਲ ਜਾ ਹੁਣ ਪੁਰਾਣੀਆਂ ਗੱਲਾਂ ਨੂੰ, ਲੋਕ ਹੁਣ ਤੇਰੇ ਵਰਗਿਆਂ ਦੇ ਭਿਉਂ ਭਿਉਂ ਛਿੱਤਰ ਮਾਰਦੇ ਨੇ ਤੇ ਬਾਅਦ 'ਚ ਫੜਾਉਂਦੇ ਨੇ ਪੁਲਿਸ ਨੂੰ।

**ਨਾਹਰ** : ਉਏ ਪੁਲਿਸ ਵਾਲਿਆਂ ਦੀ ਕੀ ਮਜ਼ਾਲ ਐ, ਮੇਰੇ ਮੂਹਰੇ ਖੰਘ ਵੀ ਜਾਣ।

**ਅਵਤਾਰ** : ਭੁੱਲ ਗਿਆਂ ਉਹ ਦਿਨ, ਇਕੋ ਵਾਰ ਗਿਆ ਸੀ ਠਾਣੇ ਉਦੋਂ ਹੀ ਰੋ ਰੋ ਕੇ ਕਹਿੰਦਾ ਸੀ, ਬਈ ਨਾਲੇ ਕੁੱਟਦੇ ਨੇ ਨਾਲੇ ਕਰਵਾਉਂਦੇ ਨੇ ਘੀਸੀ।

**ਨਾਹਰ** : ਦੇਖ ਕਿੱਦਾਂ ਬਕਵਾਸ ਕਰਦੀ ਐ, ਮੇਰੀ ਸਾਰੀ ਪੀਤੀ ਲਾਹਤੀ।

***(ਇਧਰ ਉਧਰ ਬੋਤਲ ਲੱਭਣ ਦੀ ਕੋਸ਼ਿਸ ਕਰਦਾ ਹੈ)***

ਉਏ ਇਥੇ ਮੇਰੀ ਬੋਤਲ ਪਈ ਸੀ।

**ਸ਼ੈਲੀ** : ਡੈਡੀ ਮੈਂ ਉਹ ਦਾਰੂ ਡੋਲ ਦਿੱਤੀ ਸੀ।

**ਨਾਹਰ** : ***(ਉੱਠ ਕੇ ਸ਼ੈਲੀ ਨੂੰ ਮਾਰਨ ਲੱਗਦਾ ਹੈ)*** ਤੇਰੀ ਇਹ ਮਜ਼ਾਲ ਤੂੰ ਮੇਰੀ ਬੋਤਲ ਡੋਲ ਦਿੱਤੀ ਐ।

**ਅਵਤਾਰ** : ***(ਉੱਠ ਕੇ ਉਸਦਾ ਹੱਥ ਫੜਦੀ ਐ)*** ਜੁਆਕਾਂ ਨੂੰ ਕਾਹਨੂੰ ਮਾਰਨ ਪੈਨੇ।

**ਨਾਹਰ** : ***(ਅਵਤਾਰ ਨੂੰ ਗਲ ਤੋਂ ਫੜ ਲੈਂਦਾ ਹੈ)*** ਪਹਿਲਾਂ ਤੇਰਾ ਹੀ ਗਲ ਘੁੱਟਾਂ। ***(ਸ਼ੈਲੀ ਤੇ ਅਨੀਸ਼ ਡਰ ਕੇ ਜ਼ੋਰ ਦੀ ਚੀਕ ਮਾਰਦੀਆਂ ਹਨ)***

***(ਨਾਹਰ ਇਕਦਮ ਬਾਹਰ ਨੂੰ ਨਿਕਲਦਾ ਹੈ)*** ਹੁਣ ਕਿਤੇ ਮੈਨੂੰ ਬਾਹਰੋਂ ਦਾਰੂ ਨਹੀਂ ਮਿਲੇਗੀ।

**ਅਵਤਾਰ** : ਸ਼ੈਲੀ ਜਾਹ? ਬੁਲਾ ਕੇ ਲਿਆ ਤੇਰੇ ਅੰਕਲ ਨੂੰ, ਹੁਣ ਫੇਰ ਬਾਹਰ ਨੂੰ ਚੱਲਿਐ, ਪਤਾ ਨੀ ਹੋਰ ਕਿਹੜਾ ਚੰਦ ਚਾੜ੍ਹ ਕੇ ਆਵੇਗਾ।

***(ਸ਼ੈਲੀ ਤੇ ਅਨੀਸ਼ ਉੱਠ ਕੇ ਬਾਹਰ ਵੱਲ ਨੂੰ ਜਾਂਦੀਆਂ ਹਨ)***

ਮੈਨੂੰ ਤਾਂ ਲਗਦਾ ਸੀ ਸ਼ਾਇਦ ਕੈਨੇਡਾ ਪਹੁੰਚ ਕੇ ਮੇਰੀ ਜ਼ਿੰਦਗੀ ਬਦਲ ਜਾਵੇਗੀ, ਪਰ ਮੈਂ ਤਾਂ ਪਹਿਲਾਂ ਨਾਲੋਂ ਵੀ ਦੁਖੀ ਹੋ ਗਈ ਆਂ।

**ਸੁਰਜੀਤ** : ***(ਲਿਵਿੰਗ ਰੂਮ 'ਚ ਆਉਂਦਾ ਹੈ)*** ਭੈਣ ਜੀ ਕੀ ਗੱਲ ਹੋ ਗਈ, ਕੁੜੀਆਂ

ਬੜੀਆਂ ਘਬਰਾਈਆਂ ਹੋਈਆਂ ਸਨ।

**ਅਵਤਾਰ** : ਕੀ ਦੱਸਾਂ ਭਰਾਵਾ ਉਹੀ ਪੁਰਾਣਾ ਕੰਜਰਖਾਨਾ, ਅੱਜ ਇਨ੍ਹਾਂ ਦਾ ਡੈਡੀ ਦੂਜੀ ਵਾਰ ਫੜਿਆ ਗਿਆ ਦਾਰੂ ਪੀ ਕੇ ਗੱਡੀ ਚਲਾਉਂਦਾ।

**ਸੁਰਜੀਤ** : ਇਸਦੀ ਇਹ ਭੈੜੀ ਆਦਤ ਪਤਾ ਨਹੀਂ ਕਦੋਂ ਹਟੇਗੀ, ਮੈਨੂੰ ਤਾਂ ਲਗਦਾ ਸੀ, ਟੱਬਰ ਆਏ 'ਤੇ ਸਮਝ ਜਾਵੇਗਾ ਪਰ ਇਹ ਤਾਂ ਵੱਧਦਾ ਹੀ ਜਾ ਰਿਹੈ।

**ਅਵਤਾਰ** : ਸਭ ਨੂੰ ਢਾਹ ਢਾਹ ਮਾਰਦੈ, ਆਪਣੇ ਆਪ ਨੂੰ ਅਮਰੀਕਾ ਦਾ ਬੁਸ਼ ਹੀ ਸਮਝਦੈ। ਕਸੂਰ ਭਾਵੇਂ ਆਪਦਾ ਹੀ ਹੋਵੇ ਪਰ ਕੋਈ ਨਾ ਕੋਈ ਬਹਾਨਾ ਲਾ ਕੇ ਦੂਜਿਆਂ ਨੂੰ ਕੁੱਟਣ ਪੈਂਦੇ।

**ਸੁਰਜੀਤ** : ਜਦੋਂ ਪਹਿਲਾਂ ਪਹਿਲਾਂ ਕੈਨੇਡਾ ਆਇਐ, ਬੜਾ ਸ਼ਰੀਫ ਹੁੰਦਾ ਸੀ, ਹਰ ਕਿਸੇ ਦੀ ਮਦਤ ਕਰਦਾ ਸੀ, ਤੁਹਾਨੂੰ ਵੀ ਬੜਾ ਯਾਦ ਕਰ ਕਰ ਰੋਂਦਾ ਰਹਿੰਦਾ ਸੀ। ਪਰ ਰਫਿਊਜ਼ੀਪੁਣੇ ਦੀਆਂ ਲੰਮੀਆਂ ਮੁਸ਼ਕਲਾਂ ਨੇ ਇਸਨੂੰ ਬੁਰੀ ਤਰ੍ਹਾਂ ਬਦਲ ਦਿੱਤੈ। ਗੱਲ ਇਹਦੇ ਸਮਝ ਹੀ ਨਹੀਂ ਪੈਂਦੀ ਕਿ ਮੁਸ਼ਕਲਾਂ ਦਾ ਹੱਲ ਦਾਰੂ ਨਹੀਂ ਹੈ।

**ਅਵਤਾਰ** : ਮੁਸ਼ਕਲ ਸਮਾਂ ਜੇ ਬੰਦਾ ਹਿੰਮਤ ਤੇ ਸੂਝਬੂਝ ਨਾਲ ਨਹੀਂ ਕੱਟ ਸਕਦਾ, ਫੇਰ ਇਕੱਲੀ ਜਨਾਨੀ ਇਹ ਸਮਾਂ ਕਿਵੇਂ ਕੱਟਦੀ ਐ, ਇਹ ਤਾਂ ਇਕ ਔਰਤ ਹੀ ਸਮਝ ਸਕਦੀ ਐ।

**ਸੁਰਜੀਤ** : ਇਹੀ ਗੱਲ ਤਾਂ ਇਹਦੇ ਸਮਝ ਨਹੀਂ ਪੈਂਦੀ, ਜਿਹੜਾ ਸਮਾਂ ਦੁੱਖ ਵਾਲਾ ਸੀ ਉਹ ਲੰਘ ਗਿਆ ਹੁਣ ਘਰਦਿਆਂ ਨੂੰ ਗਾਲਾਂ ਕੱਢਣ ਨਾਲ ਉਹ ਸਮਾਂ ਥੋੜਾ ਟਲ਼ ਸਕਦੈ। ਹੁਣ ਤਾਂ ਇਹਨੂੰ ਚਾਹੀਦੈ, ਵਿਹਲੇ ਟਾਇਮ 'ਚ ਸਕੂਲ ਜਾਵੇ ਤੇ ਥੋੜੀ ਬਹੁਤੀ ਅੰਗਰੇਜ਼ੀ ਸਿੱਖ ਲਵੇ।

**ਅਵਤਾਰ** : ਅੰਗਰੇਜ਼ੀ ਵਲੋਂ ਹੱਥ ਤੰਗ ਹੋਣ ਕਰਕੇ ਤਾਂ ਇਹ ਕਈ ਵਾਰ ਚੱਕਰਾਂ 'ਚ ਪੈਣੋ ਬਚਿਐ। ਇਹ ਇਕ ਵਾਰ ਸਾਡੇ ਨਾਲ ਚਲਿਆ ਗਿਆ ਸੁਕੇਅਰ ਵੰਨ ਮਾਲ 'ਚ, ਉਥੇ ਇਹਨੇ ਬਾਥਰੂਮ ਜਾਣਾ ਸੀ, ਇਹਨੂੰ ਇਹ ਨਾ ਪਤਾ ਲੱਗਿਆ ਕਿ ਕਿਹੜਾ ਬੰਦਿਆਂ ਦਾ ਤੇ ਕਿਹੜਾ ਜਨਾਨੀਆਂ ਦਾ, ਧੁੱਸ ਦੇ ਕੇ ਜਨਾਨੀਆਂ ਵਾਲੇ 'ਚ ਜਾ ਵੜਿਆ, ਅੱਗੋਂ ਇਕ ਗੋਰੀ ਨੇ ਉੱਚੀ ਦੇਣੀ ਚੀਕ ਮਾਰ ਦਿੱਤੀ ਤਾਂ ਸਕਿਊਰਟੀ ਗਾਰਡ ਨੇ ਆ ਕੇ ਇਹਦੀਆਂ ਦੋਵੇਂ ਬਾਹਾਂ ਨੂੰ ਮਰੋੜਾ ਦੇ ਦਿੱਤਾ। ਇਹ ਤਾਂ ਜੁਆਕਾਂ ਨੇ ਗਾਰਡ ਨੂੰ ਸਮਝਾਇਆ

ਤਾਂ ਇਹਦੀ ਜਾਨ ਬਖ਼ਸ਼ੀ ਹੋਈ।

**ਸੁਰਜੀਤ** : ਪੀ ਕੇ ਇਹਨੂੰ ਪਤਾ ਹੀ ਨਹੀਂ ਲੱਗਦਾ, ਕੀ ਕਰ ਦਿੱਤੈ।

**ਨਾਹਰ** : (ਅੰਦਰ ਆਉਂਦਾ ਹੈ) ਉਏ ਸੁਰਜੀਤ, ਵਾਹ। ਬਈ ਵਾਹ, ਬਿੱਲੀ ਨੌ ਸੌ ਚੂਹੇ ਖਾ ਕੇ ਹੱਜ ਨੂੰ ਚੱਲੀ ਐ।

**ਸੁਰਜੀਤ** : ਕਦੇ ਵੀ ਚੱਲੀ, ਚੱਲੀ ਤਾਂ ਹੈ।

**ਨਾਹਰ** : ਉਏ ਤੂੰ ਭੁੱਲ ਗਿਐਂ, ਜਦੋਂ ਰੱਜ ਕੇ ਦਾਰੂ ਪੀ ਕੇ ਤੂੰ ਰਾਤ ਦੇ ਦੋ ਵਜੇ ਗੱਡੀ ਕਿਸੇ ਦੇ ਘਰ 'ਚ ਮਾਰ ਦਿੱਤੀ ਸੀ। ਸ਼ੁਕਰ ਐ ਉਸ ਵਕਤ ਉਥੇ ਕੋਈ ਹੈ ਨਹੀਂ ਸੀ, ਨਹੀਂ ਤਾਂ ਪਤਾ ਨੀ ਕਿਸੇ ਦੀ ਜਾਨ ਹੀ ਲੈ ਲੈਂਦਾ।

**ਸੁਰਜੀਤ** : ਮੈਂ ਆਪਣੀਆਂ ਗਲਤੀਆਂ ਤੋਂ ਸਿੱਖ ਲਿਐ, ਪਰ ਤੂੰ ਕਦੋਂ ਸਿੱਖੇਂਗਾ।

**ਨਾਹਰ** : ਅੱਛਾ! ਉਏ ਜੇ ਤੂੰ ਛੱਡ ਸਕਦੈਂ, ਤੈਨੂੰ ਕੀ ਲਗਦੈ ਬਈ ਮੈਂ ਨਹੀਂ ਛੱਡ ਸਕਦਾ।

**ਅਵਤਾਰ** : ਇਹਦੀ ਦਾਰੂ ਛੁਡਵਾਉਣ ਲਈ ਤਾਂ ਮੈਂ ਇਹਨੂੰ ਗੁਰਦੁਆਰੇ ਵੀ ਲੈ ਕੇ ਗਈ, ਪਰ ਇਸ ਬੰਦੇ 'ਤੇ ਕੋਈ ਅਸਰ ਨਹੀਂ ਪਿਆ।

**ਨਾਹਰ** : ਮੈਂ ਗੁਰਦੁਆਰੇ ਅਰਦਾਸ ਕੀਤੀ ਸੀ, ਬਈ ਰੱਬਾ ਮੇਰੀ ਮੱਦਦ ਕਰ। ਪਰ ਮੈਨੂੰ ਅਰਦਾਸ ਦਾ ਕੋਈ ਫਰਕ ਹੀ ਨਹੀਂ ਪਿਆ।

**ਸੁਰਜੀਤ** : ਨਾ ਰੱਬ ਆ ਕੇ ਤੇਰੇ ਹੱਥ ਫੜ ਲਵੇ।

**ਨਾਹਰ** : ਫੇਰ ਇਹਨੂੰ ਪੁੱਛ ਬਈ ਮੈਨੂੰ ਉਥੇ ਲੈ ਕੇ ਕਾਹਨੂੰ ਗਈ ਸੀ।

**ਸੁਰਜੀਤ** : ਕੁਝ ਕਰਨ ਲਈ ਆਪਣਾ ਮਨ ਤਕੜਾ ਕਰਨਾ ਪੈਂਦਾ, ਤਾਂ ਇਹੋ ਜਿਹੇ ਕੰਮ ਹੁੰਦੇ ਨੇ।

**ਅਵਤਾਰ** : ਆਪਣੇ ਬੱਚਿਆਂ ਵੱਲ ਦੇਖ ਵਿਚਾਰੇ ਦਿਨ ਰਾਤ ਤੜਪਦੇ ਨੇ, ਡੈਡੀ ਨਾਲ ਖੇਡਣਾ ਚਾਹੁੰਦੇ ਨੇ।

**ਨਾਹਰ** : ਸੁਰਜੀਤ ਜਦ ਮੈਂ ਤੇਰੇ ਵੱਲ ਦੇਖਦਾਂ, ਦਿਲ ਤਾਂ ਮੇਰਾ ਵੀ ਕਰਦੈ, ਜਿਨ੍ਹਾਂ ਬੱਚਿਆਂ ਲਈ ਮੈਂ ਇੰਨੇ ਸਾਲ ਦੇਸ਼ ਨਿਕਾਲਾ ਲਿਆ, ਹੁਣ ਉਨ੍ਹਾਂ ਤੋਂ ਫਿਰ ਵੀ ਦੂਰ ਹਾਂ।

**ਸੁਰਜੀਤ** : ਅੱਜ ਵਾਅਦਾ ਕਰ, ਛੱਡਦੇ ਇਸ ਕੋਹੜ ਨੂੰ, ਨਿੱਤ ਪੀਣ ਨਾਲ ਤੇਰੀ

ਸਿਹਤ ਵੀ ਵਿਗੜ ਗਈ ਏ। ਆਪਣੀ ਜ਼ਿੰਦਗੀ ਦੀ ਕੀਮਤ ਸਮਝ। ਇਹ ਜ਼ਿੰਦਗੀ ਇਕ ਵਾਰ ਹੀ ਮਿਲਦੀ ਏ। ਸਮਾਜ ਲਈ ਕੁਝ ਚੰਗਾ ਕਰਨ ਦੀ ਕੋਸ਼ਿਸ਼ ਕਰ ਤਾਂ ਕਿ ਲੋਕੀਂ ਤੈਨੂੰ ਨਫ਼ਰਤ ਦੀ ਬਜਾਏ ਪਿਆਰ ਦੀਆਂ ਨਜ਼ਰਾਂ ਨਾਲ ਦੇਖਣ।

**ਨਾਹਰ** : ਲੈ ਕਰ ਲਿਆ ਵਾਅਦਾ, ਅੱਜ ਤੋਂ ਬਾਅਦ ਨਹੀਂ ਪੀਵਾਂਗਾ, ਨਹੀਂ ਪੀਵਾਂਗਾ। ਅੱਜ ਮੈਨੂੰ ਆਪਣੇ ਈ ਘਰ 'ਚ ਬਿਗਾਨੇ ਹੋਣ ਦਾ ਅਹਿਸਾਸ ਹੋ ਗਿਐ।

***(ਰੋਣ ਲੱਗ ਪੈਂਦਾ ਹੈ)***

ਅੱਜ ਤੋਂ ਬਾਅਦ ਨਹੀਂ ਪੀਵਾਂਗਾ।

***(ਅਵਤਾਰ ਦੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਹਨ, ਸ਼ੈਲੀ ਤੇ ਅਨੀਸ਼ ਵੀ ਖੁਸ਼ ਹਨ, ਸਾਰੇ ਇਕ ਵਿਸ਼ੇਸ਼ ਪੋਜ਼ 'ਚ ਸਟਿੱਲ ਹੁੰਦੇ ਹਨ)*** ਪਿੱਠ ਭੂਮੀ ਤੋਂ ਗੀਤ ਚੱਲਦਾ ਹੈ।

**ਗੀਤ** : *ਆਪਣੇ ਹੀ ਘਰ ਅੰਦਰ ਬੇਗਾਨੇ ਹੋਣ ਦਾ ਅਹਿਸਾਸ ਹੈ,*
*ਡਾਲਰ ਕਮਾ ਲਏ ਪਰ ਇਹ ਰਿਸ਼ਤੇ ਖੋਣ ਦਾ ਅਹਿਸਾਸ ਹੈ,*
*ਚੱਕਰਵਿਊ ਵਿਚ ਘਿਰ ਗਿਆ, ਹਿੰਮਤ ਜੁਟਾ ਕੇ ਨਿਕਲਿਆ,*
*ਆਪਣਿਆਂ ਗਲ਼ ਲੱਗ ਸੁੱਚਾ ਰੋਣ ਦਾ ਅਹਿਸਾਸ ਹੈ।*

***(ਪਰਦਾ ਡਿੱਗਦਾ ਹੈ)***

–o–

ਨਾਟਕ

# ਤਿੜਕਦੇ ਰਿਸ਼ਤੇ


ਨਾਟਕ ਦਾ ਇਕ ਦ੍ਰਿਸ਼

# ਤਿੜਕਦੇ ਰਿਸ਼ਤੇ

*ਪਾਤਰ*

| | | |
|---|---|---|
| ਨਰਿੰਦਰ ਸਿੰਘ | : | ਇਕ ਅਧਖੜ ਉਮਰ ਦਾ ਆਦਮੀ |
| ਬਲਵੰਤ ਕੌਰ | : | ਨਰਿੰਦਰ ਦੀ ਪਤਨੀ |
| ਨਵੀ | : | ਨਰਿੰਦਰ ਦੀ ਬੇਟੀ |
| ਗੈਰੀ | : | ਨਰਿੰਦਰ ਦਾ ਬੇਟਾ |
| ਕਰਮੋਂ | : | ਨਰਿੰਦਰ ਦੀ ਮਾਤਾ |
| ਭਜਨ ਸਿੰਘ | : | ਨਰਿੰਦਰ ਦਾ ਰਿਸ਼ਤੇਦਾਰ |
| ਹਰਮੇਲ ਸਿੰਘ | : | ਨਰਿੰਦਰ ਦਾ ਛੋਟਾ ਭਰਾ |

***(ਪਰਦਾ ਉੱਠਦਾ ਹੈ, ਲਿਵਿੰਗ ਰੂਮ ਦਾ ਦ੍ਰਿਸ਼ ਹੈ। ਸੋਫਾ, ਲਵਸੀਟ 'ਤੇ ਚੇਅਰ ਪਏ ਹਨ। ਕਰਮੋਂ ਤੇ ਬਲਵੰਤ ਲਿਵਿੰਗ ਰੂਮ 'ਚ ਬੈਠੀਆਂ ਹਨ।)***

**ਕਰਮੋਂ** : ਲੈ ਫੜ ਪਾਣੀ ਪੀ ਲੈ, ਰੋਣੇ ਧੋਣੇ ਨਾਲ ਹੁਣ ਬਹੂ ਨੇ ਵਾਪਸ ਥੋੜੇ ਆ ਜਾਣੈ।

**ਬਲਵੰਤ** : ਬੇਬੇ ਜੀ ਮੈਨੂੰ ਤਾਂ ਅਜੇ ਵੀ ਇਹ ਸਭ ਕੁਝ ਇਕ ਸੁਪਨਾ ਹੀ ਲੱਗ ਰਿਹਾ, ਸੱਚ ਹੀ ਨਹੀਂ ਆਉਂਦਾ।

**ਕਰਮੋ** : ਬੁਰੇ ਵਕਤ ਕਿਹੜਾ ਪੁੱਛ ਕੇ ਆਉਂਦੇ ਨੇ।

**ਬਲਵੰਤ** : ਮੈਂ ਤਾਂ ਵਿਆਹ ਤੋਂ ਪਹਿਲਾਂ ਦੋਹਾਂ ਦੀਆਂ ਕੁੰਡਲੀਆਂ ਵੀ ਮਿਲਵਾਈਆਂ ਸੀ, ਬਨਭੌਰੇ ਵਾਲਾ ਬਾਬਾ ਤਾਂ ਕਹਿੰਦਾ ਸੀ, ਵਿਆਹ 'ਚ ਕੋਈ ਅੜਚਣ ਨਹੀਂ, ਮਹੂਰਤ ਬੜਾ ਚੰਗਾ ਹੈ।

**ਕਰਮੋਂ** : ਹੁਣ ਪੁੱਛਣਾ ਸੀ ਬਾਬੇ ਨੂੰ ਬਈ ਆਹ ਸੁਨਾਮੀ ਕਿਥੋਂ ਆਗੀ।

**ਬਲਵੰਤ** : ਅੱਜ ਕੀਤੀ ਸੀ ਫੋਨ 'ਤੇ ਗੱਲ, ਮੈਂ ਦੱਸਿਆ ਬਈ ਸਾਡੀ ਬਹੂ ਤਾਂ ਕੈਨੇਡਾ ਵੜਦਿਆਂ ਹੀ ਵਿਗੜ ਗਈ।

**ਕਰਮੋਂ** : ਫੇਰ ਦਿੱਤਾ ਕੋਈ ਜਵਾਬ?

**ਬਲਵੰਤ** : ਕਹਿੰਦਾ ਵਿਆਹ ਤੱਕ ਤਾਂ ਸਮਾਂ ਠੀਕ ਸੀ, ਵਿਆਹ ਤੋਂ ਬਾਅਦ ਦਾਨ ਪੁੰਨ ਕਰਨ 'ਚ ਕਿਤੇ ਕਮੀ ਰਹਿ ਗਈ, ਰਾਹੂ ਤੇ ਕੇਤੂ ਆਪਣੀ ਦਿਸ਼ਾ

ਬਦਲ ਗਏ।

**ਕਰਮੋਂ** : ਬਲਵੰਤ, ਮੈਂ ਤਾਂ ਧੀਏ ਤੈਨੂੰ ਕਦੇ ਟੋਕਿਆ ਨਹੀਂ, ਪਰ ਇਹ ਪੁੱਛਿਆ ਦੇਣ ਵਾਲੇ ਹੁੰਦੇ ਠੱਗ ਹੀ ਨੇ।

**ਬਲਵੰਤ** : ਬੇਬੇ ਜੀ ਮੁਸੀਬਤਾਂ ਕਿਹੜਾ ਬੰਦੇ ਦਾ ਖਹਿੜਾ ਛੱਡਦੀਆਂ ਨੇ, ਔਖੇ ਵੇਲੇ ਬੰਦਾ ਕੋਈ ਨਾ ਕੋਈ ਸਹਾਰਾ ਭਾਲਦੈ।

**ਕਰਮੋਂ** : ਇਹ ਲੋਕ ਸ਼ਿਕਾਰ ਵੀ ਤਾਂ ਭੋਲ਼ੇ ਭਾਲ਼ੇ ਦੁਖੀ ਬੰਦਿਆਂ ਦਾ ਈ ਕਰਦੈ ਨੇ, ਮੇਰੇ ਨਾਲ ਤਾਂ ਹੱਡੀਂ ਬੀਤੀ ਹੋਈ ਐ।

**ਬਲਵੰਤ** : ਨਾਂਹ ਤੁਹਾਨੂੰ ਕੀ ਹੋ ਗਿਆ ਸੀ।

**ਕਰਮੋਂ** : ਉਦੋਂ ਮੈਂ ਅਜੇ ਕੁਆਰੀ ਸੀ, ਮੈਨੂੰ ਰਾਤ ਨੂੰ ਪਈ ਪਈ ਨੂੰ ਦਬਾਅ ਜਿਹਾ ਪੈ ਜਾਂਦਾ ਸੀ, ਮੈਂ ਉੱਚੀ ਉੱਚੀ ਬੋਲਣ ਲੱਗ ਪੈਂਦੀ ਸੀ। ਮੇਰੀ ਮਾਂ ਨੂੰ ਲੱਗਦਾ ਸੀ ਮੈਨੂੰ ਬੰਤੋ ਦੀ ਕਸਰ ਹੋ ਜਾਂਦੀ ਐ।

**ਬਲਵੰਤ** : ਇਹ ਬੰਤੋ ਕੌਣ ਸੀ?

**ਕਰਮੋਂ** : ਸਾਡੀ ਗੁਆਂਢਣ ਸੀ, ਗਰੀਬ ਘਰ ਦੀ ਜਨਾਨੀ ਸੀ, ਜੱਟਾਂ ਦੇ ਖੇਤਾਂ 'ਚੋਂ ਪੱਠੇ ਲੈ ਕੇ ਆਉਣਾ ਤਾਂ ਉਸਦੀ ਮਜ਼ਬੂਰੀ ਸੀ। ਪਰ ਘਰ ਵਾਲਾ ਹਮੇਸ਼ਾ ਸ਼ੱਕ ਕਰਦਾ ਰਹਿੰਦਾ ਸੀ, ਮਾੜੀ ਮਾੜੀ ਗੱਲ 'ਤੇ ਲੜਾਈ ਕਰਕੇ ਉਸਨੂੰ ਕੁੱਟ ਧਰਦਾ ਸੀ। ਦੁਖੀ ਹੋਈ ਨੇ ਇਕ ਦਿਨ ਖੂਹ 'ਚ ਛਾਲ ਮਾਰ ਦਿੱਤੀ ਸੀ। ਲੋਕਾਂ ਨੂੰ ਸ਼ੱਕ ਸੀ ਕਿ ਉਹਦੀ ਭਟਕਦੀ ਰੂਹ ਕਿਸੇ ਨਾਂ ਕਿਸੇ 'ਚ ਆਉਂਦੀ ਹੀ ਰਹਿੰਦੀ ਹੈ। ਮਾਂ ਇਹ ਭੂਤ ਕਢਵਾਉਣ ਲਈ ਮੈਨੂੰ ਇਕ ਸਾਧ ਦੇ ਡੇਰੇ ਲੈ ਗਈ।

**ਬਲਵੰਤ** : ਫੇਰ ਨਿਕਲ ਗਏ ਭੂਤ?

**ਕਰਮੋਂ** : ਉਥੋਂ ਤਾਂ ਸਗੋਂ ਮੈਨੂੰ ਇਕ ਹੋਰ ਭੂਤ ਚਿੰਬੜ ਗਿਆ, ਬਾਬੇ ਦਾ ਇਕ ਚੇਲਾ ਮਾਂ ਨੂੰ ਬਾਹਰ ਹੀ ਬਿਠਾ ਕੇ ਮੈਨੂੰ ਸਾਧ ਕੋਲ ਲੈ ਗਿਆ। ਸਾਧ ਤਾਂ ਇਹੋ ਜਿਹੀਆਂ ਹਰਕਤਾਂ ਨੇ ਉੱਤਰ ਆਇਆਂ, ਮੈਂ ਤੈਨੂੰ ਦੱਸ ਨਹੀਂ ਸਕਦੀ। ਮੈਂ ਤਾਂ ਘਬਰਾਈ ਹੋਈ ਨੇ ਸਾਧ ਨੂੰ ਧੱਕਾ ਈ ਮਾਰ ਦਿੱਤਾ ਤੇ ਚੀਕਾਂ ਮਾਰਦੀ ਭੱਜ ਕੇ ਕੁਟੀਆ 'ਚੋਂ ਬਾਹਰ ਆਗੀ।

**ਬਲਵੰਤ** : ਫੇਰ?

**ਕਰਮੋਂ** : ਬਾਬੇ ਦੇ ਚੇਲੇ ਕਹਿਣ ਕੁੜੀ ਨੂੰ ਜਿੰਨ ਚਿੰਬੜ ਗਿਆ, ਮਾਂ ਵੀ ਘਬਰਾ ਗਈ। ਮੁੜ ਕੇ ਮੈਂ ਤਾਂ ਅੱਜ ਤੱਕ ਕਿਸੇ ਪੁਛਿਆ ਦੇਣ ਵਾਲੇ ਦੇ ਮੂੰਹ ਨੀ

ਲੱਗੀ।

**ਕਰਮੋਂ** : ਤੁਹਾਡੀ ਬਿਮਾਰੀ ਦਾ ਕੀ ਬਣਿਆ?

**ਬਲਵੰਤ** : ਇਕ ਡਾਕਟਰ ਤੋਂ ਦਵਾਈ ਖਾਧੀ ਤੇ ਮੈਂ ਠੀਕ ਹੋ ਗਈ, ਲੈ ਦਵਾਈ ਤੋਂ ਯਾਦ ਆ ਹੀ ਗਿਆ, ਮੈਂ ਤਾਂ ਅੱਜ ਗੋਲੀਆਂ ਲੈਣੀਆਂ ਹੀ ਭੁੱਲ ਗਈ ***(ਉੱਠਦੀ ਹੋਈ)*** ਲੈ ਬਲਵੰਤ ਵੀ ਆ ਗਿਆ ***(ਬਲਵੰਤ ਅੰਦਰ ਆ ਕੇ ਸੋਫੇ 'ਤੇ ਬੈਠਦਾ ਹੈ)***

**ਬਲਵੰਤ** : ਗੈਰੀ ਦਾ ਲੱਗਿਆ ਕੁਝ ਪਤਾ।

**ਨਰਿੰਦਰ** : ਫੋਨ ਤਾਂ ਉਸਦਾ ਬੰਦ ਸੀ, ਮੈਂ ਉਸਦੇ ਦੋਸਤਾਂ ਨੂੰ ਫੋਨ ਕੀਤਾ ਸੀ, ਉਹ ਅੱਗਿਉਂ ਕਹਿਣ ਲੱਗ ਪਏ, ਏਅਰਪੋਰਟ 'ਤੇ ਹੋਵੇਗਾ, ਅੱਜ ਉਸਦੀ wife ਨੇ ਆਉਣਾ ਸੀ, ਮੈਂ ਤਾਂ ਗੱਲ ਨੂੰ ਟਾਲ ਹੀ ਦਿੱਤਾ।

**ਬਲਵੰਤ** : ਆਪਣਾ ਗੈਰੀ ਤਾਂ ਇਸ ਗੱਲ ਦੀ ਬਹੁਤੀ ਹਤਕ ਮੰਨ ਗਿਆ।

**ਨਰਿੰਦਰ** : ਆਪਾਂ ਕਿਹੜਾ ਕਦੇ ਸੋਚਿਆ ਸੀ ਕਿ ਸਾਡੇ ਨਾਲ ਵੀ ਕੋਈ ਏਨੀ ਮਾੜੀ ਕਰ ਸਕਦੈ।

**ਬਲਵੰਤ** : ਪਤਾ ਨੀ ਚੰਦਰੀ ਨੇ ਸਾਡੇ ਨਾਲ ਕਿਹੜੇ ਜਨਮਾਂ ਦਾ ਬਦਲਾ ਲਿਐ। ***(ਨਵੀ ਅੰਦਰ ਆਉਂਦੀ ਹੈ)***

**ਨਵੀ** : ਮੰਮੀ ... ***(ਥੋੜੀ ਦੇਰ ਬਾਅਦ ਇਧਰ ਉਧਰ ਦੇਖ ਕੇ)*** ਡੈਡੀ, ਭਾਬੀ ਜੀ ਕਿਥੇ ਨੇ? ਭਾਬੀ ਜੀ ਆਏ ਨੀ? ਤੁਸੀਂ ਕੁਝ ਬੋਲਦੇ ਕਿਉਂ ਨਹੀਂ?

**ਨਰਿੰਦਰ** : ਨਵੀ, ਕੋਈ ਜ਼ਰੂਰੀ ਨਹੀਂ ਕਿ ਘਰ ਦੀ ਹਰ ਇਕ ਗੱਲ ਤੈਨੂੰ ਦੱਸੀ ਜਾਵੇ।

**ਨਵੀ** : ਡੈਡ ਕਿਉਂ ਨਹੀਂ, ਆਈ ਐਮ ਏ ਫੈਮਿਲੀ ਮੈਂਬਰ, ਮੈਂ ਹੁਣ ਕੋਈ ਬੱਚੀ ਨਹੀਂ ਹਾਂ।

**ਬਲਵੰਤ** : ਨਵੀ ਤੂੰ ਆਪਣੇ ਕਮਰੇ 'ਚ ਜਾ, ਪੜ੍ਹਾਈ ਕਰ, ਨਹੀਂ ਜਾ ਕੇ ਟੀ.ਵੀ. ਦੇਖ ਲੈ।

**ਨਵੀ** : ਉਹ ਮਾਮ! ਵਾਟਜ਼ ਗੋਇੰਜ਼ ਔਨ, ਤੁਸੀਂ ਮੈਨੂੰ ਗੱਲ ਕਿਉਂ ਨਹੀਂ ਦੱਸਦੇ, ਅੱਜ ਭਾਬੀ ਨੇ ਆਉਣਾ ਸੀ, ਆਈ ਕਿ ਨਹੀਂ।

**ਨਰਿੰਦਰ** : ਆਗੀ, ਆਗੀ, ਆਗੀ। ***(ਗੁੱਸੇ 'ਚ ਬੋਲਦਾ ਹੈ)***

**ਨਵੀ** : ਵੇਅਰ ਇਜ਼ ਸ਼ੀ?

**ਬਲਵੰਤ** : ਉਹ ਕਿਸੇ ਹੋਰ ਦੇ ਘਰੇ ਚਲੀ ਗਈ।

**ਨਵੀ** : ਕਿਸੇ ਹੋਰ ਦੇ, ਉਨ੍ਹਾਂ ਦੇ ਘਰ ਬਾਅਦ 'ਚ ਚਲੀ ਜਾਂਦੀ।

**ਨਰਿੰਦਰ** : ਇਹ ਤੂੰ ਉਸਦੇ ਕੋਲੋਂ ਹੀ ਪੁੱਛ ਲਵੀਂ, ਚਲ ਉੱਠ ਹੁਣ, ਬਹੁਤਾ ਦਿਮਾਗ ਨਾ ਖਾ।

**ਬਲਵੰਤ** : ਤੁਸੀਂ ਬਹੂ ਵਾਲਾ ਗੁੱਸਾ ਹੁਣ ਕੁੜੀ 'ਤੇ ਹੀ ਕਿਉਂ ਕੱਢੀ ਜਾਨੇ ਓ।

**ਨਰਿੰਦਰ** : ਸਵਾਲ ਤੇ ਸਵਾਲ ਪੁੱਛੀ ਜਾ ਰਹੀ ਹੈ, ਦੇਖਦੀ ਹੀ ਨਹੀਂ ਕਿ ਬੰਦੇ ਦਾ ਮੂਡ ਕਿਵੇਂ ਐ।

**ਨਵੀ** : ਆਈ ਨੋ ਡੈਡ, ਦੇਅਰ ਇਜ਼ ਸਮਥਿੰਗ ਰੌਂਗ, ਮੈਂ ਤੁਹਾਡੇ ਨਾਲ ਪਰਾਬਲਮ ਨੂੰ ਸ਼ੇਅਰ ਕਰਨਾ ਚਾਹੁੰਦੀ ਹਾਂ, ਤੁਸੀਂ ਨਹੀਂ ਦੱਸਣਾ ਚਾਹੁੰਦੇ ਇਟਸ ਅੱਪ-ਟੂ ਯੂ ***(ਉੱਠ ਕੇ ਚਲੀ ਜਾਂਦੀ ਹੈ) (ਫੋਨ ਦੀ ਘੰਟੀ ਵੱਜਦੀ ਹੈ)***

**ਬਲਵੰਤ** : ਉੱਠ ਕੇ ਦੇਖੋ ਤਾਂ ਕੀਹਦਾ ਫੋਨ ਐ।

**ਨਰਿੰਦਰ** : ਹੁਣ ਤਾਂ ਫੋਨ ਚੁੱਕਣ ਨੂੰ ਵੀ ਦਿਲ ਨਹੀਂ ਕਰਦਾ ***(ਫੋਨ ਸੁਣਨ ਲਈ ਉੱਠਦੀ ਹੈ, ਉਧਰੋਂ ਭਜਨ ਸਿੰਘ ਆ ਜਾਂਦਾ ਹੈ)***

**ਭਜਨ** : ਬਈ ਅੱਜ ਤਾਂ ਨਵੀਂ ਬਹੂ ਦੇ ਚਾਅ 'ਚ ਡੋਰ ਵੀ ਬੰਦ ਨੀ ਕੀਤਾ, ਮੈਂ ਵੀ ਸੋਚਿਆ, ਚੱਲ ਘਰਦੇ ਹੀ ਨੇ, ਬੈੱਲ ਮਾਰਨ ਦੀ ਕੀ ਲੋੜ ਐ।

***(ਨਰਿੰਦਰ ਆ ਕੇ ਭਜਨ ਨਾਲ ਹੱਥ ਮਿਲਾਉਂਦਾ ਹੈ।) (ਫੋਨ ਦੀ ਘੰਟੀ ਬੰਦ ਹੋ ਜਾਂਦੀ ਹੈ)***

**ਭਜਨ** : ਸੁੱਖ ਐ ਭਾਬੀ ਜੀ ਬੜੇ ਚੁੱਪ ਚੁੱਪ ਲਗਦੇ ਓ? ਲਗਦੈ ਬਹੂ ਨੇ ਆਉਂਦੀ ਨੇ ਅੱਖਾਂ ਦਿਖਾ ਦਿੱਤੀਆਂ, ਅਜੇ ਤਾਂ ਅੱਗੇ ਅੱਗੇ ਦੇਖਿਉ ਕੀ ਬਣਦੈ, ਬਹੂ ਵੀ ਤੁਸੀਂ ਡਾਕਟਰਨੀ ਲੱਭੀ ਐ।

**ਨਰਿੰਦਰ** : ਤਾਂਹੀਉਂ ਤਾਂ ਸਾਰੇ ਟੱਬਰ ਨੂੰ ਜ਼ਹਿਰ ਦੇ ਟੀਕੇ ਲਾਗੀ।

**ਭਜਨ** : ਬਈ ਕੀ ਬੁਝਾਰਤਾਂ ਜਿਹੀਆਂ ਪਾਉਣ ਲੱਗ ਪਏ, ਸਭ ਠੀਕ ਤਾਂ ਹੈ।

**ਨਰਿੰਦਰ** : ਭਜਨ ਸਿਆਂ, ਗੱਲ ਦੱਸਦਿਆਂ ਨੂੰ ਵੀ ਸ਼ਰਮ ਆਉਂਦੀ ਹੈ, ਪਰ ਹੁਣ ਤੇਰੇ ਤੋਂ ਕੀ ਲੁਕੋ, ਸਤਿੰਦਰ ਏਅਰਪੋਰਟ ਤੋਂ ਹੀ ਸਾਡੇ ਨਾਲ ਨਹੀਂ ਆਈ।

**ਭਜਨ** : ਤੁਹਾਡੇ ਨਾਲ ਨੀ ਆਈ, ਫੇਰ ਕਿਥੇ ਚਲੀ ਗਈ?

**ਨਰਿੰਦਰ** : ਅਮਰੀਕ ਸੱਗੂ ਹੋਰੀਂ ਨੇ ਨਾ, ਜਿਹੜੇ ਮਾਲਟਨ 'ਚ ਰਹਿੰਦੇ ਨੇ, ਸਤਿੰਦਰ ਦੇ ਮਾਮੇ ਦੇ ਦੋਸਤ ਨੇ।

**ਭਜਨ** : ਹਾਂ, ਹਾਂ ਮੈਂ ਜਾਣਦਾ।

**ਨਰਿੰਦਰ** : ਉਹ ਆਏ ਸੀ ਏਅਰਪੋਰਟ ਤੇ ਸਤਿੰਦਰ ਉਨ੍ਹਾਂ ਦੀ ਕਾਰ 'ਚ ਬੈਠ ਕੇ ਉਨ੍ਹਾਂ

ਦੇ ਨਾਲ ਹੀ ਚਲੀ ਗਈ।

**ਬਲਵੰਤ** : ਮੈਂ ਤੇ ਗੈਰੀ ਤਾਂ ਉਹਦੇ ਮਗਰ ਵੀ ਭੱਜੇ, ਸਾਨੂੰ ਲੱਗਿਆ ਸ਼ਾਇਦ ਸਤਿੰਦਰ ਨੂੰ ਭੁਲੇਖਾ ਪੈ ਗਿਆ, ਪਰ ਉਹ ਤਾਂ ਸਾਡੇ ਵੱਲ ਝਾਕੀ ਤੱਕ ਨਹੀਂ।

**ਭਜਨ** : ਬਈ ਆਹ ਤਾਂ ਜੱਗੋਂ ਤੇਰ੍ਹਵੀਂ ਕਰਗੀ, ਨਹੀਂ ਤਾਂ ਭੱਜਣ ਵਾਲੇ ਮੁੰਡੇ ਕੁੜੀਆਂ ਪਹਿਲਾਂ ਘਰ ਜ਼ਰੂਰ ਆਉਂਦੇ ਨੇ, ਫੇਰ ਭਾਵੇਂ ਬਣੀ ਬਣਾਈ ਸਕੀਮ ਮੁਤਾਬਕ ਹਫਤੇ ਬਾਅਦ ਹੀ ਸਤ ਸ੍ਰੀ ਅਕਾਲ ਬੁਲਾ ਜਾਣ।

***(ਫੋਨ ਦੀ ਬੈੱਲ ਫਿਰ ਵੱਜਦੀ ਹੈ ਤੇ ਬਲਵੰਤ ਉੱਠ ਕੇ ਚਲੀ ਜਾਂਦੀ ਹੈ।)***

**ਨਰਿੰਦਰ** : ਪਰ ਇਹ ਤਾਂ ਪਤੰਦਰ ਦੀ ਬਹੁਤੀ ਤੇਜ਼ ਨਿਕਲੀ।

**ਭਜਨ** : ਡਾਕਟਰ ਮਰੀਜ਼ਾਂ ਨੂੰ ਬਚਾਉਣ ਲਈ ਹਮੇਸ਼ਾ ਹੀ ਜਲਦੀ ਕਰਦੇ ਨੇ, ਬਸ ਆਦਤ ਮੁਤਾਬਕ ਉਹਨੇ ਇਹ ਕੰਮ ਵੀ ਜਲਦੀ 'ਚ ਹੀ ਕਰ ਲਿਐ।

**ਨਰਿੰਦਰ** : ਮੈਨੂੰ ਤਾਂ ਇਹ ਨੀ ਸਮਝ ਲੱਗਦੀ ਬਈ ਇਹ ਲੋਕ ਮਨ 'ਚ ਮੈਲ ਰੱਖ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਲਾਵਾਂ ਹੀ ਕਿਉਂ ਲੈਂਦੇ ਨੇ?

**ਭਜਨ** : ਅੱਜਕੱਲ੍ਹ ਤਾਂ ਲੋਕਾਂ ਨੇ ਰੱਬ ਦਾ ਵੀ ਭੇਤ ਜਿਹਾ ਹੀ ਪਾ ਲਿਆ, ਬਈ ਕੰਮ ਕੱਢੋ ਤੇ ਬਾਅਦ 'ਚ ਭੁੱਲ ਬਖਸ਼ਾਲੋ, ਨਾਲੇ ਸਿੱਧੀ ਉਂਗਲੀ ਘਿਉ ਨਿਕਲਦਾ ਵੀ ਕਿਥੇ ਐ?

**ਬਲਵੰਤ** : ***(ਆ ਕੇ ਬੈਠਦੀ ਹੋਈ)*** ਏਧਰ ਆਹ ਰਿਸ਼ਤੇਦਾਰ ਫੋਨ ਕਰਨੋਂ ਨੀ ਹੱਟਦੇ।

**ਨਰਿੰਦਰ** : ਜਿਹੜਾ ਪੁੱਛਦੈ, ਉਹਨੂੰ ਕਹਿ ਦੇ ਫਲਾਈਟ ਲੇਟ ਹੋ ਗਈ, ਨਾਲੇ ਅੰਬਰਸਰ ਵਾਲੀ ਫਲਾਈਟ ਅੱਗੇ ਕਿਹੜਾ ਕਦੇ ਟਾਈਮ ਨਾਲ ਆਈ ਐ।

**ਭਜਨ** : ਮੈਂ ਤਾਂ ਕਹਿਨਾ ਬਾਰ ਬਾਰ ਪੁੱਛਣ ਪਛਾਉਣ ਵਾਲਾ ਕੰਮ ਹੀ ਮੁਕਾ ਦਿਉ।

**ਨਰਿੰਦਰ** : ਉਹ ਕਿਵੇਂ?

**ਅਮਰ** : ਕਹਿ ਦਿਉ, ਜਹਾਜ ਹਾਈਜੈਕ ਕਰ ਲਿਆ ਅੱਤਵਾਦੀਆਂ ਨੇ।

**ਨਰਿੰਦਰ** : ਲੋਕ ਤਾਂ ਬੁਰੇ ਦੇ ਘਰ ਤੱਕ ਜਾਂਦੇ ਨੇ, ਕੀਹਨੇ ਸੱਚ ਮੰਨਣਾ

**ਭਜਨ** : ਅਮਰੀਕਾਂ ਵਾਲੇ ਹਰ ਮਾੜੀ ਘਟਨਾ ਅਲ-ਕਾਇਦਾ ਦੇ ਸਿਰ ਮੜ ਦਿੰਦੇ ਨੇ, ਲੋਕ ਸੱਚ ਮੰਨਣ, ਨਾ ਮੰਨਣ ਇਹ ਉਹਨਾਂ ਦੀ ਸਿਰਦਰਦੀ ਹੁੰਦੀ ਐ

**ਨਵੀ** : ਮੰਮੀ ਸਰੀ ਵਾਲੀ ਮਾਸੀ ਦਾ ਫੋਨ ਐ, ਪੁੱਛਦੀ ਐ ਪਾਰਟੀ ਕਦੋਂ ਰੱਖੀ ਐ?

**ਬਲਵੰਤ** : ਉਹਨੂੰ ਕਹਿਦੇ ਮੰਮੀ ਘਰ ਨੀ

**ਭਜਨ** : ਮੇਰਾ ਤਾਂ ਖਿਆਲ ਐ ਹੁਣ ਨਵੀ ਨੂੰ ਦੱਸਣ ਦੀ ਲੋੜ ਨੀ, ਉਹਦੀ ਮਾਸੀ ਨੇ ਸੁਣ ਹੀ ਲਿਆ ਹੋਣਾ।

**ਨਰਿੰਦਰ** : ਆਪਾਂ ਤਾਂ ਅਗਲੇ ਹਫ਼ਤੇ ਪਾਰਟੀ ਵੀ ਰੱਖੀ ਹੋਈ ਐ, ਭਜਨ ਤੂੰ ਹੀ ਹਾਲ ਬੁੱਕ ਕੀਤਾ ਸੀ, ਫੋਨ ਕਰਕੇ ਕੈਂਸਲ ਕਰਵਾ ਦੇਵੀ।

**ਭਜਨ** : ਲਗਦੈ ਹਾਲ ਵਾਲੇ ਦੀ ਕਿਸਮਤ ਆਪਾਂ ਤੋਂ ਵੀ ਮਾੜੀ ਐ। ਮੈਂ ਤਾਂ ਕਹਿਨਾ ਦੋ ਦਿਨ ਦੇਖ ਲੈਨੇ ਐਂ।

**ਨਰਿੰਦਰ** : ਉਹਦੀ ਕੀ ਉਡੀਕ ਕਰੀਏ ਜਿਹੜੀ ਸਾਡੇ ਏਅਰਪੋਰਟ 'ਤੇ ਖੜਿਆਂ ਦੇ ਮੂੰਹ 'ਤੇ ਚਪੇੜ ਮਾਰ ਕੇ ਚਲੀ ਗਈ।

**ਭਜਨ** : ਪਤਾ ਨੀ ਕਿੰਨੀਆਂ ਕੁ ਦੀਆਂ ਚਪੇੜਾਂ ਮਾਰ ਗਈਆਂ।

**ਬਲਵੰਤ** : ਕਿਸੇ ਬਾਰੇ ਕਦੇ ਚੰਗਾ ਵੀ ਸੋਚਿਆ ਕਰ।

**ਭਜਨ** : ਆਇਆ ਤਾਂ ਮੈਂ ਵੀ ਚੰਗਾ ਹੀ ਸੋਚ ਕੇ ਸੀ ਬਈ ਖੁਸ਼ੀ ਦਾ ਦਿਨ ਐ, ਦੋ ਚਾਰ ਪੈੱਗ ਲਾਵਾਂਗੇ, ਪਰ ਹੁਣ ਤਾਂ ਗਮ 'ਚ ਹੀ ਪੀਣੀ ਪੈਣੀ ਐ ***(ਉੱਠ ਕੇ ਕਿਚਨ ਵੱਲ ਜਾਂਦਾ ਹੈ)*** ਬੋਤਲ ਵੀ ਕਿਚਨ 'ਚ ਹੀ ਰੱਖੀ ਪਈ ਐ।

**ਬਲਵੰਤ** : ***(ਥੋੜਾ ਜਿਹਾ ਨਰਿੰਦਰ ਵਲ ਨੂੰ ਨੇੜੇ ਹੁੰਦੀ ਹੋਈ)*** ਸਾਡੇ ਤੇ ਕੀ ਬਿਪਤਾ ਬਣੀ ਹੋਈ ਐ, ਇਹਨੂੰ ਪੈਗ ਲਾਉਣ ਦੀ ਪਈ ਹੋਈ ਐ।

**ਨਰਿੰਦਰ** : ਭਲੀਏ ਕੀਹਦੇ ਕੋਲ ਟਾਇਮ ਹੈ, ਕਿਸੇ ਦਾ ਦੁੱਖ ਵੰਡਾਉਣ ਲਈ, ਅੱਜ ਕੱਲ ਹਰ ਬੰਦਾ ਬਿਜ਼ਨਿਸ ਦੇ ਹਿਸਾਬ ਕਿਤਾਬ ਨਾਲ ਹੀ ਸੋਚਦੇ।

**ਭਜਨ** : ਬਈ ਆਪਾਂ ਤਾਂ ਆਪਣੇ ਦੋ ਲੰਡੂ ਜਿਹੇ ਪੈੱਗ ਲਾ ਲਏ, ਹੁਣ ਮੈਂ ਚਲਦਾ ***(ਥੋੜਾ ਜਿਹਾ ਰੁਕ ਕੇ)*** ਪਾਰਟੀ ਤਾਂ ਫਿਰ ਹੁਣ ਕੈਂਸਲ ਹੀ ਹੈ ਨਾ।

**ਨਰਿੰਦਰ** : ਤੈਨੂੰ ਕੀ ਲਗਦੈ ਹੁਣ ਬਹੂ ਭੱਜਣ ਦੀ ਖੁਸ਼ੀ 'ਚ ਪਾਰਟੀ ਰੱਖੀਏ

**ਭਜਨ** : ਆਪਣੀ ਕਮਿਊਨਟੀ 'ਚ ਚਲਦੈ, ਕਈ ਤਾਂ ਬਹੂ ਨੂੰ ਕੁੱਟ-ਕੁੱਟ ਕੇ ਭਜਾਉਂਦੇ ਨੇ, ਬਈ ਪਹਿਲੀ ਭੱਜੇ, ਫੇਰ ਚੰਗਾ ਦਾਜ ਲੈ ਕੇ ਦੂਜੀ ਲਿਆਈਏ।

**ਬਲਵੰਤ** : ਤੇਰੇ ਨਾਲ ਕਦੇ ਇਹੋ ਜਿਹੀ ਹੋਈ ਨੀ, ਤੈਨੂੰ ਤਾਂਹੀਓਂ ਗੱਲਾਂ ਆਉਂਦੀਆਂ ਨੇ। ਸਿਆਣੇ ਠੀਕ ਹੀ ਕਹਿੰਦੇ ਨੇ,

'ਜਿਸ ਤਨ ਲਾਗੇ ਸੋ ਤਨ ਜਾਣੇ'

**ਭਜਨ** : ਬਈ ਮੈਂ ਹੁਣ ਚਲਿਆ ***(ਬਾਹਰ ਨੂੰ ਤੁਰਦਾ ਹੋਇਆ ਜਾਂਦਾ ਹੈ)***

**ਬਲਵੰਤ** : ਹੋਰ ਪਤਾ ਨੀ ਅਜੇ ਕੀਹਦੀਆਂ-ਕੀਹਦੀਆਂ ਸੁਣਨੀਆਂ ਪੈਣੀਆਂ ਨੇ।

**ਨਰਿੰਦਰ** : ਦੇਖ ਕਿਵੇਂ ਦੂਜਿਆਂ ਦਾ ਮਜ਼ਾਕ ਉਡਾਉਂਦਾ। ਇਹ ਬੜਾ ਬੇਸ਼ਰਮਾਂ ਦਾ ਟੱਬਰ ਐ, ਇਹਦਾ ਛੋਟਾ ਭਰਾ ਆਪਣੀ ਹੀ ਘਰਵਾਲੀ ਨੂੰ, ਪੁਛਿਆ ਦੇਣ ਵਾਲੇ ਬਾਬੇ ਦੇ ਹੀ ਸਿਰ ਧਰਨ ਨੂੰ ਫਿਰਦਾ ਸੀ। ਅਖੇ ਪਿਛਲੇ ਜਨਮ 'ਚ ਇਹ ਬਾਬੇ ਦੀ ਹੀ ਘਰਵਾਲੀ ਸੀ। ਉਹਨਾਂ ਦਿਨਾਂ 'ਚ ਭਜਨ ਦਾ ਮੂੰਹ ਦੇਖਣ ਵਾਲਾ ਸੀ।

**ਬਲਵੰਤ** : ਲੋਕਾਂ ਨੇ ਬਥੇਰੀ ਤੋਏ-ਤੋਏ ਕੀਤੀ ਸੀ। ਬਾਬੇ ਦੀ ਤੇ ਇਹਨਾਂ ਦੇ ਟੱਬਰ ਦੀ।

***(ਬੈੱਲ ਵੱਜਦੀ ਹੈ, ਨਰਿੰਦਰ ਉੱਠ ਕੇ ਦੇਖਣ ਲਗਦਾ ਹੈ, ਹਰਮੇਲ ਦਾਖਲ ਹੁੰਦਾ ਹੈ)***

**ਹਰਮੇਲ** : ***(ਸੋਫ਼ੇ 'ਤੇ ਬੈਠਦਾ)*** ਇਹ ਤਾਂ ਮਾੜਾ ਹੀ ਹੋਇਆ।

**ਨਰਿੰਦਰ** : ਚਲੋ, ਜਹਾਜ਼ ਤਾਂ ਲੇਟ ਹੋ ਹੀ ਜਾਦੈ। ***(ਨਰਿੰਦਰ ਗਲ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ)***

**ਹਰਮੇਲ** : ਜਹਾਜ਼ ਲੇਟ? ਮੈਂ ਕੁਝ ਸਮਝਿਆ ਨੀ।

**ਬਲਵੰਤ** : ਏਦਾਂ ਹੀ ਕੁਝ ਹੋ ਗਿਆ, ਸਮਝ ਤਾਂ ਸਾਨੂੰ ਵੀ ਨਹੀਂ ਲੱਗੀ।

**ਹਰਮੇਲ** : ਪਰ ਆਹ ਭਜਨ ਮੈਨੂੰ ਹੁਣੇ ਦੱਸਦਾ ਸੀ, ਬਹੂ ਏਅਰਪੋਰਟ ਤੋਂ ਹੀ ਚਲੀ ਗਈ।

**ਨਰਿੰਦਰ** : ਬੜਾ ਚਬਲ ਬੰਦਾ ਭਜਨ ਵੀ, ਸਾਨੂੰ ਕੁਝ ਹੋਰ ਕਹਿ ਗਿਐ, ਤੇ ਤੈਨੂੰ ਕੁਝ ਹੋਰ।

**ਹਰਮੇਲ** : ਅਮਰੀਕ ਸੱਗੂ ਹੋਰਾਂ ਨਾਲ ਤਾਂ ਆਪਣੀ ਕੋਈ ਦੁਸ਼ਮਣੀ ਨਹੀਂ ਸੀ, ਉਹਨਾਂ ਨੇ ਇਹ ਚੰਗਾ ਨੀ ਕੀਤਾ।

**ਬਲਵੰਤ** : ਉਹਨਾਂ ਨੂੰ ਕਿਸੇ ਨਾਲ ਕੀ, ਉਹਨਾਂ ਨੂੰ ਤਾਂ ਲੱਭੀ ਲਭਾਈ ਸੋਨੇ ਦੀ ਖਾਣ ਮਿਲਗੀ।

**ਨਰਿੰਦਰ** : ਪਰ ਸਤਿੰਦਰ ਹੁਣ ਸਾਰੀ ਉਮਰ ਪਛਤਾਉ, ਇਹਨਾਂ ਠੱਗਾਂ ਦੇ ਚੁੰਗਲ ਚੋਂ ਹੁਣ ਸੌਖੀ ਨੀ ਨਿਕਲ ਸਕਦੀ, ਉਹਦੀ ਹਾਲਤ ਤਾਂ ਹੁਣ, ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ, ਵਾਲੀ ਹੋਵੇਗੀ। ਦੇਖ ਲਿਉ। ਤੁਹਾਡੇ ਸਾਹਮਣੇ ਹੀ ਐ।

**ਹਰਮੇਲ** : ਬਾਈ, ਬੰਦਾ ਜਨਾਨੀ ਨੂੰ ਛੱਡ ਦੇਵੇ, ਆਪਣੀ ਕਮਿਉਨਟੀ 'ਚ ਚਲਦੈ, ਪਰ ਜੇ ਜਨਾਨੀ ਆਪਣੇ ਘਰ ਵਾਲੇ ਦੇ ਏਦਾਂ ਮੂੰਹ 'ਤੇ ਥੁੱਕ ਕੇ ਚਲੀ ਜਾਵੇ ਫੇਰ ਤਾਂ ਬੰਦੇ ਦਾ ਮਰਨ ਹੀ ਹੋ ਜਾਂਦੇ।

**ਬਲਵੰਤ** : ਵੇ ਹਰਮੇਲ ਤੇਰੇ ਮੂੰਹੋਂ, ਇਹ ਗੱਲ ਸੋਭਦੀ ਨੀ, ਤੂੰ ਕੈਨੇਡਾ ਪਹੁੰਚ ਕੇ ਮਹੀਨੇ ਬਾਅਦ ਹੀ ਆਪਣੀ ਘਰਵਾਲੀ ਨੂੰ ਛੱਡ ਦਿੱਤਾ ਸੀ, ਤੈਨੂੰ ਕੀ ਲਗਦੈ

ਉਹਨੂੰ ਵਿਚਾਰੀ ਨੂੰ ਕੋਈ ਦੁੱਖ ਨੀ ਹੋਇਆ ਹੋਊ।

**ਨਰਿੰਦਰ** : ਬਲਵੰਤ, ਇਹਦੇ ਵਿਚ ਹਰਮੇਲ ਦਾ ਇੰਨਾ ਕਸੂਰ ਨਹੀ, ਮੈਂ ਹੀ ਇਹਨੂੰ ਫੋਨ ਕਰਕੇ ਮਨਾਇਆ ਸੀ, ਬਈ ਹੁਣ ਵਿਆਹ ਕਰਵਾ ਲੈ, ਬਾਅਦ 'ਚ ਨਾ ਚੰਗੀ ਲੱਗੀ ਤਾਂ ਇਥੇ ਆ ਕੇ ਛੱਡ ਦੇਵੀਂ।

**ਬਲਵੰਤ** : ਨਾ ਤੁਸੀਂ ਤਾਂ ਕਹਿੰਦੇ ਸੀ, ਆਪਾਂ ਉਸ ਵਿਚਾਰੀ ਦੀ ਮੱਦਦ ਕਰਨੀ ਐ।

**ਨਰਿੰਦਰ** : ਉਹਦੇ ਘਰ ਵਾਲਾ ਸ਼ਰਾਬੀ-ਕਬਾਬੀ ਸੀ, ਕੁੱਟਦਾ-ਮਾਰਦਾ ਸੀ, ਹਮਦਰਦੀ ਕਰਕੇ ਹੀ ਮੈਂ ਉਸਨੂੰ ਆਪਣੇ ਘਰ ਲੈ ਕੇ ਆਇਆ ਸੀ।

**ਬਲਵੰਤ** : ਆਹ ਹਮਦਰਦੀ ਐ, ਬਈ ਉਹਦੇ ਨਾਲ ਤੁਸੀਂ ਆਪਣੇ ਭਰਾ ਨੂੰ ਕਨੇਡਾ ਕੱਢਿਆ ਤੇ ਬਾਅਦ 'ਚ ਉਹਨੂੰ ਵਿਚਾਰੀ ਨੂੰ ਦੇ ਦਿੱਤਾ ਤਲਾਕ, ਇਸ ਤੋਂ ਵੀ ਵੱਧ ਕੋਈ ਇਨਸਾਨ ਗਿਰ ਸਕਦੈ।

**ਹਰਮੇਲ** : ਕਮਾਲ ਐ... ਤੁਸੀਂ ਤਾਂ ਆਪਣੀ ਬਹੂ ਵਾਲਾ ਸਾਰਾ ਗੁੱਸਾ ਮੇਰੇ 'ਤੇ ਹੀ ਕੱਢ ਰਹੇ ਹੋ ***(ਉੱਠ ਕੇ ਤੁਰਦਾ ਹੋਇਆ)*** ਕਿਸੇ ਨਾਲ ਹਮਦਰਦੀ ਕਰਨ ਦਾ ਵੀ ਵਕਤ ਨੀ ਰਿਹਾ।

**ਨਰਿੰਦਰ** : ਬਲਵੰਤ, ਹੁਣ ਪੁਰਾਣੇ ਜ਼ਖ਼ਮਾਂ ਨੂੰ ਉਧੇੜਨ ਦਾ ਕੋਈ ਫਾਇਦਾ ਨੀ, ਸੱਚ ਤਾਂ ਇਹ ਹੈ ਕਿ ਹਰਮੇਲ ਨੂੰ M.A. ਕਰਨ ਤੋਂ ਬਾਅਦ ਵੀ ਕੋਈ ਨੌਕਰੀ ਨਹੀਂ ਸੀ ਮਿਲੀ। ਜ਼ਮੀਨ ਥੋੜ੍ਹੀ ਸੀ, ਉੱਥੇ ਉਹ ਕੰਮ ਕਰਕੇ ਰਾਜੀ ਨਹੀਂ ਸੀ। ਹਰ ਕਿਸਮ ਦਾ ਨਸ਼ਾ ਕਰਨ ਲੱਗ ਪਿਆ ਸੀ। ਇਸ ਨੂੰ ਏਧਰ ਕੱਢਣ ਲਈ ਹੀ ਇਹ ਸਭ ਕੁਝ ਕੀਤਾ ਸੀ।

**ਬਲਵੰਤ** : ਪਰ ਜਦੋਂ ਹਰਮੇਲ ਨੇ ਡਿੰਪੀ ਨੂੰ ਤਲਾਕ ਦਿੱਤਾ, ਉਦੋਂ ਉਹ ਇਸਦੇ ਬੱਚੇ ਦੀ ਮਾਂ ਬਣਨ ਵਾਲੀ ਸੀ, ਤਲਾਕ ਬਾਰੇ ਸੁਣ ਕੇ ਤਾਂ ਡਿਪਰੈਸ਼ਨ ਵਿਚ ਆ ਗਈ ਸੀ। ਤੁਸੀਂ ਆਪਣੇ ਭਰਾ ਨੂੰ ਸਮਝਾਉਣ ਦੀ ਬਜਾਏ ਪੁਲੀਸ ਬੁਲਾ ਕੇ ਉਹਨੂੰ ਮੈਂਟਲ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੁਸੀਂ ਡਿੰਪੀ ਨਾਲ ਇਹ ਧੋਖਾ ਕਰਨੈ, ਤਾਂ ਮੈਂ ਉਸ ਨੂੰ ਕਦੇ ਵੀ ਤੁਹਾਡੀ ਇਸ ਚਾਲ ਵਿਚ ਨਾ ਫਸਣ ਦਿੰਦੀ।

**ਨਰਿੰਦਰ** : ਭੁੱਲ ਵੀ ਜਾ ਹੁਣ ਇਸ ਗੱਲ ਨੂੰ।

***(ਗੈਰੀ ਅੰਦਰ ਆਉਂਦਾ ਹੈ)***

**ਨਰਿੰਦਰ** : ਗੈਰੀ ਕਿਥੇ ਚਲਿਆ ਗਿਆ ਸੀ ਤੂੰ? ਅਸੀਂ ਤੈਨੂੰ ਥਾਂ-ਥਾਂ ਲਭਦੇ ਰਹੇ।

**ਗੈਰੀ** : ਡੈਡੀ ਮੈਂ ਸੱਗੂ ਹੋਰਾਂ ਦੇ ਘਰ ਗਿਆ ਸੀ, ਸਤਿੰਦਰ ਤੋਂ ਇਹ ਪੁੱਛਣ ਲਈ

ਕਿ ਉਹਨੇ ਇਹ ਸਭ ਕਿਉਂ ਕੀਤੈ।

**ਨਰਿੰਦਰ** : ਜਿਸ ਜਨਾਨੀ ਨੇ ਏਡਾ ਵੱਡਾ ਕਦਮ ਚੁੱਕ ਲਿਆ, ਹੁਣ ਉਸਦੇ ਪਿੱਛੇ-ਪਿੱਛੇ ਫਿਰਨ ਦਾ ਕੋਈ ਫਾਇਦਾ ਨਹੀਂ।

**ਗੈਰੀ** : ਤੁਸੀਂ ਮੈਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ

**ਨਰਿੰਦਰ** : ਸਾਡੇ ਤੇ ਗੁੱਸਾ ਕਿਉਂ ਕਰ ਰਿਹੈ?

**ਗੈਰੀ** : ਮੈਂ ਇੱਥੇ, ਜਿਸ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ, ਉਸ ਕੁੜੀ ਨਾਲ ਤੁਹਾਨੂੰ ਇਹ ਤਕਲੀਫ ਸੀ ਕਿ ਉਹ ਕੁੜੀ ਜੱਟ ਨਹੀਂ, ਉਹ ਸੈਣੀਆਂ ਦੀ ਕੁੜੀ ਹੈ। ਵੈਸੇ ਉਹ ਪੰਜਾਬੀ ਨੇ, ਸਿੱਖ ਧਰਮ 'ਚ ਵਿਸ਼ਵਾਸ ਰੱਖਦੇ ਨੇ। ਪਰ ਤੁਹਾਨੂੰ ਖੁਸ਼ ਕਰਨ ਲਈ, ਮੈਨੂੰ ਪੰਜਾਬ 'ਚ ਜਾ ਕੇ ਵਿਆਹ ਕਰਵਾਉਣਾ ਪਿਆ।

**ਬਲਵੰਤ** : ਅਸੀਂ ਤਾਂ ਤੈਨੂੰ ਜੱਟਾਂ ਦੀ ਕੁੜੀ, ਉਹ ਵੀ ਡਾਕਟਰਨੀ ਲੱਭੀ ਸੀ, ਵਿਆਹ ਵੀ ਚੰਗਾ ਕੀਤਾ ਸੀ, ਪਰ ਜੇ ਹੁਣ ਕੁੜੀ ਹੀ ਧੋਖਾ ਦੇਗੀ, ਇਹਦੇ 'ਚ ਸਾਡਾ ਕੀ ਕਸੂਰ?

**ਗੈਰੀ** : ਮੈਨੂੰ ਤਾਂ ਅੱਜ ਹੀ ਪਤਾ ਲੱਗਿਆ, ਸਤਿੰਦਰ ਮੇਰੇ ਨਾਲ ਵਿਆਹ ਕਰਵਾਉਣ 'ਚ ਇੰਟਰਸਟਡ ਹੀ ਨਹੀਂ ਸੀ, ਇਹ ਉਸਨੇ ਆਪਣੀ ਮਾਂ ਨੂੰ ਵੀ ਦੱਸ ਦਿੱਤਾ ਸੀ।

**ਨਰਿੰਦਰ** : ਫੇਰ ਉਸ ਦੇ ਮਾਂ ਪਿਉ ਨੇ, ਸਾਨੂੰ ਧੋਖੇ 'ਚ ਕਿਉਂ ਰਖਿਐ?

**ਗੈਰੀ** : ਉਹਨਾਂ ਨੂੰ ਆਪ ਕੈਨੇਡਾ ਪਹੁੰਚਣ ਦਾ ਲਾਲਚ ਸੀ, ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਮਾਂ ਪਿਉ ਆਪਣੇ ਮਤਲਬ ਕੱਢਣ ਲਈ ਆਪਣੀ ਹੀ ਔਲਾਦ ਦੇ ਸੌਦੇ ਕਿਉਂ ਕਰਦੇ ਨੇ।

**ਬਲਵੰਤ** : ਪੁੱਤ ਤੂੰ ਅੱਪ-ਸੈੱਟ ਨਾ ਹੋ, ਮੈਂ ਹੀ ਸਤਿੰਦਰ ਦੀ ਮਿੰਨਤ ਕਰਕੇ ਦੇਖ ਲੈਨੀ ਆ।

**ਗੈਰੀ** : ਮਾਂ ਤੁਹਾਨੂੰ ਹੁਣ ਕੁਝ ਵੀ ਕਰਨ ਦੀ ਲੋੜ ਨਹੀਂ, ਸਤਿੰਦਰ ਮੇਰੇ ਨਾਲ ਰਹਿਣਾ ਨਹੀਂ ਚਾਹੁੰਦੀ, ਤੇ ਮੈਂ ਜਬਰਦਸਤੀ ਕਿਸੇ ਨੂੰ ਰੱਖਣਾ ਨਹੀਂ ਚਾਹੁੰਦਾ ਸੋ ਅਸੀਂ ਦੋਹਾਂ ਨੇ ਤਲਾਕ ਕਰਨ ਦਾ ਫੈਸਲਾ ਕਰ ਲਿਆ ***(ਉੱਠ ਕੇ ਤੁਰ ਜਾਂਦਾ ਹੈ)***

**ਨਰਿੰਦਰ** : ਕੀ ਕਿਹੈ ਤਲਾਕ

**ਬਲਵੰਤ** : ਆਹ ਦੇਖ ਲਵੋ, ਜਿਹੜਾ ਟੋਆ ਤੁਸੀਂ ਕਿਸੇ ਲਈ ਪੁੱਟਿਆ ਸੀ, ਅੱਜ ਅਸੀਂ ਉਸ ਟੋਏ ਵਿਚ ਡਿੱਗ ਪਏ ਆਂ, ਬਾਬੇ ਨਾਨਕ ਨੇ ਠੀਕ ਹੀ ਕਿਹੈ,

'ਮੰਦੇ ਕੰਮੀ ਨਾਨਕਾ' ਜਦ ਕਦ ਮੰਦਾ ਹੋਏ'

**ਨਰਿੰਦਰ** : ਬਲਵੰਤ ਤੂੰ ਠੀਕ ਹੀ ਕਹਿਨੀ ਐ, ਆਪਦੇ ਭਰਾ ਨੂੰ ਏਧਰ ਕੱਢਣ ਸਮੇਂ, ਤਲਾਕ ਨੂੰ ਮੈਂ ਸਿਰਫ ਇਕ ਲਫਜ਼ ਹੀ ਸਮਝਦਾ ਸੀ। ਪਰ ਤਲਾਕ ਦੀ ਚੀਸ ਇੰਨੀ ਦਰਦਨਾਕ ਹੁੰਦੀ ਏ ਉਸਦਾ ਪਤਾ ਤਾਂ ਮੈਨੂੰ ਅੱਜ ਹੀ ਲੱਗਿਐ, ਤਲਾਕ ਦਾ ਅਸਲ ਮਤਲਬ ਤਾਂ ਮੈਂ ਅੱਜ ਹੀ ਜਾਣ ਸਕਿਆ।

ਅਸੀਂ ਆਪਣੇ ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਦੇ ਚੱਕਰ 'ਚ ਇੰਨੇ ਭ੍ਰਿਸ਼ਟ ਹੋ ਗਏ ਹਾਂ ਕਿ ਅਸੀਂ ਸਾਡੀਆਂ ਸਮਾਜਿਕ ਜ਼ੁੰਮੇਵਾਰੀਆਂ ਨੂੰ ਹੀ ਭੁੱਲ ਬੈਠੇ ਹਾਂ, ਵਿਆਹ ਵਰਗੇ ਪਵਿੱਤਰ ਰਿਸ਼ਤਿਆਂ ਲਈ ਵੀ ਕਿਸੇ 'ਤੇ ਵਿਸ਼ਵਾਸ਼ ਕਰਨਾ ਬੜਾ ਮੁਸ਼ਕਲ ਹੋ ਗਿਆ।

**ਬਲਵੰਤ** : ਗੈਰੀ ਪੁੱਤ, ਤੂੰ ਹੁਣ ਆਪਣੀ ਮਰਜ਼ੀ ਨਾਲ ਵਿਆਹ ਕਰੀਂ। ਤੇਰੇ ਪਿਉ ਨੇ ਬਥੇਰਾ ਧੱਕਾ ਕਰ ਲਿਆ।

**ਨਰਿੰਦਰ** : ਬੱਸ ਹੁਣ ਬਹੁਤ ਹੋ ਗਿਆ, ਇਹ ਕੁਦਰਤ ਵੱਲੋਂ ਮੈਨੂੰ ਦਿੱਤਾ ਸਬਕ ਹੈ। ਬੱਚਿਆਂ, ਛੋਟੇ ਭਰਾਵਾਂ ਦੀ ਜ਼ਿੰਦਗੀ ਦੀਆਂ ਲਗਾਮਾਂ ਆਪਣੇ ਹੱਥ 'ਚ ਫੜਨ ਦੀ ਕੋਸ਼ਿਸ਼ ਕਰਦਾ ਮੈਂ ਵਕਤ ਦੇ ਘੋੜੇ ਤੋਂ ਮੂਧੇ ਮੂੰਹ ਡਿੱਗਿਆ ਹਾਂ। ਸੌਰੀ ਬੇਟੇ ਸੌਰੀ।

***(ਨਰਿੰਦਰ ਦੀਆਂ ਅੱਖਾਂ ਭਰ ਆਉਂਦੀਆਂ ਹਨ, ਪਿੱਠ ਭੂਮੀ ਤੋਂ ਗੀਤ ਦੀਆਂ ਸਤਰਾਂ ਗੂੰਜਦੀਆਂ ਹਨ)***

**ਗੀਤ** : *ਰਿਸ਼ਤੇ ਤਾਂ ਹੋ ਗਏ ਖੋਖਲੇ,*
*ਡਾਲਰ ਟਿਕਾਊ ਹੋ ਗਿਆ,*
*ਮੰਡੀ ਦੀ ਵਸਤੂ ਹੈ ਵਿਆਹ,*
*ਬੰਦਾ ਵਿਕਾਊ ਹੋ ਗਿਆ।*

***(ਹੌਲੀ ਹੌਲੀ ਪਰਦਾ ਡਿੱਗਦਾ ਹੈ)***

–o–

ਨਾਟਕ

# ਨਵੇਂ ਯੁੱਗ ਦੀ ਬਾਤ...



ਨਾਟਕ ਦਾ ਇਕ ਦ੍ਰਿਸ਼

# ਨਵੇਂ ਯੁੱਗ ਦੀ ਬਾਤ...

## *ਪਾਤਰ*

| | |
|---|---|
| ਅਮਰੀਕ ਸਿੰਘ : | ਇਕ ਅਧਖੜ ਉਮਰ ਦਾ ਆਦਮੀ |
| ਸ਼ਰਨ ਕੌਰ : | ਅਮਰੀਕ ਸਿੰਘ ਦੀ ਪਤਨੀ |
| ਕਿਰਨ : | ਅਮਰੀਕ ਸਿੰਘ ਦੀ ਛੋਟੀ ਬੇਟੀ (ਦਿਮਾਗੀ ਤੌਰ 'ਤੇ ਬਿਮਾਰ) |
| ਪ੍ਰਨੀਤ: | ਅਮਰੀਕ ਸਿੰਘ ਦੀ ਵੱਡੀ ਬੇਟੀ |
| ਬਾਬਾ ਭਠਿਆਰਾ : | ਪੁੱਛਿਆ ਦੇਣ ਵਾਲਾ |
| ਗੁਰਮੀਤੋ : | ਬਾਬੇ ਦੀ ਚੇਲੀ |
| ਮਲੂਕਾ : | ਬਾਬਿਆਂ ਦਾ ਭਗਤ |
| ਹਰਮਿੰਦਰ : | ਮਲੂਕੇ ਦਾ ਦੋਸਤ |
| ਕਮਲ : | ਮਲੂਕੇ ਦਾ ਦੋਸਤ |
| ਰੂਬੀ : | ਵਹਿਮਾਂ ਭਰਮਾਂ ਦੀ ਸ਼ਿਕਾਰ |
| ਕਰਮ ਸਿੰਘ : | ਰੂਬੀ ਦਾ ਪਤੀ |
| | ਬਾਬੇ ਦੇ ਕੁਝ ਚੇਲੇ ਤੇ ਹੋਰ ਔਰਤਾਂ |

### ਪਹਿਲਾ ਸੀਨ

*[ਮੰਚ ਤੇ ਰੋਸ਼ਨੀ ਹੁਦਿਆਂ/ਪਰਦਾ ਉੱਠਦਿਆਂ ਅਮਰੀਕ ਸਿੰਘ ਦੇ ਘਰ ਦਾ ਦ੍ਰਿਸ਼ ਦਿਖਾਈ ਦਿੰਦਾ ਹੈ। ਅਮਰੀਕ ਸਿੰਘ ਦੇ ਘਰ, ਬਾਬੇ ਭਠਿਆਰੇ ਦੀ ਚੌਕੀ ਲੱਗੀ ਹੈ। ਅਮਰੀਕ ਸਿੰਘ ਦੀ ਪਤਨੀ ਸ਼ਰਨ ਕੌਰ ਤੇ ਉਸਦੀ ਦਿਮਾਗੀ ਤੌਰ 'ਤੇ ਬਿਮਾਰ ਜਾਪਦੀ ਬੇਟੀ ਕਿਰਨ, ਬਾਬੇ ਲਈ ਉਚੇਚੇ ਤੌਰ 'ਤੇ ਲਗਾਏ ਆਸਣ ਸਾਹਮਣੇ ਬੈਠੀਆਂ ਹਨ। ਬਾਬੇ ਦੀ ਇਕ ਚੇਲੀ ਗੁਰਮੀਤੋ ਜੋ ਦੇਖਣ ਨੂੰ ਚਲਾਕ ਜਾਪਦੀ ਹੈ ਪਰ ਦਿਖਾਵੇ ਦੀ ਸ਼ਰਧਾ ਵਜੋਂ ਉਹ ਅੱਖਾਂ ਬੰਦ ਕਰਕੇ ਆਪਣੀ ਆਸਥਾ ਦਾ ਪ੍ਰਗਟਾਵਾ ਕਰ ਰਹੀ ਹੈ। ਕਿਰਨ ਇਧਰ ਉਧਰ ਦੇਖ ਰਹੀ ਹੈ। ਬਾਬਾ ਭਠਿਆਰੇ ਦੇ ਚਿਹਰੇ ਤੋਂ ਜਾਪਦਾ ਹੈ ਜਿਵੇਂ ਉਸਦੀ ਹੋਰ ਕਿਧਰੇ ਲਿਵ ਲੱਗੀ ਹੋਵੇ। ਬਾਬੇ ਦੇ ਦੋ ਚੇਲੇ ਉਸ ਦੇ ਆਲੇ ਦੁਆਲੇ ਖੜ੍ਹੇ ਸੇਵਾ ਨਿਭਾ ਰਹੇ ਹਨ। ਕੁਝ ਹੋਰ ਚੇਲੇ ਢੋਲਕ ਤੇ ਹਰਮੋਨੀਅਮ ਤੇ ਉੱਚੀ ਆਵਾਜ਼ ਵਿਚ ਗੀਤ ਭਾਵ ਧਾਰਨਾ ਗਾ ਰਹੇ ਹਨ]*

**ਧਾਰਨਾ** : ਦੁੱਖ ਕੱਟਣ ਲਈ ਆਏ ਨੇ – ਭਠਿਆਰਾਂ ਵਾਲੇ ਬਾਬਾ ਜੀ

ਧੰਨ ਧੰਨ ਬੀਬੀ ਸ਼ਰਨ ਕੌਰ, ਜੀਹਨੇ ਘਰ ਵਿਚ ਚਰਨ ਪੁਆਏ ਨੇ

ਭਠਿਆਰਾਂ ਵਾਲੇ ਬਾਬਾ ਜੀ... ਦੁੱਖ ਕੱਟਣ ਲਈ ਆਏ ਨੇ... ਭਠਿਆਰਾਂ ਵਾਲੇ ਬਾਬਾ ਜੀ।

ਜੀਹਨੇ ਗੂੰਗੇ ਬੋਲਣ ਲਾ'ਤੇ... ਵੱਡੇ ਵੱਡੇ ਪੜ੍ਹਨੇ ਪਾ ਤੇ

ਹਰ ਪਲ ਹੋਣ ਸਹਾਈ, ਜੀਹਨੇ ਸ਼ਰਧਾ ਨਾਲ ਧਿਆਏ ਨੇ, ਭਠਿਆਰਾਂ ਵਾਲੇ ਬਾਬਾ ਜੀ

ਦੁੱਖ ਕੱਟਣ ਲਈ ਆਏ ਨੇ... ਭਠਿਆਰਾਂ ਵਾਲੇ ਬਾਬਾ ਜੀ।

(ਚੌਂਕੀ ਵਿਚ ਚੱਲ ਰਹੀ ਧਾਰਨਾ ਇਕ ਸਿਖ਼ਰ 'ਤੇ ਜਾ ਕੇ ਬੰਦ ਹੁੰਦੀ ਹੈ, ਇਕ ਚੇਲਾ ਉੱਠ ਕੇ ਪਹਿਲਾਂ ਬਾਬਾ ਭਠਿਆਰਾਂ ਵਾਲੇ ਬਾਬੇ ਦੇ ਚਰਨ ਛੂੰਹਦਾ ਹੈ ਫਿਰ ਸ਼ਰਨ ਕੌਰ ਹੁਰਾਂ ਨੂੰ ਸੰਬੋਧਿਤ ਹੋ ਕੇ ਬੋਲਦਾ ਹੈ)

**ਚੇਲਾ** : ਆ ਜੋ ਭਾਈ ਪੁੱਛੋ ਕੀ ਪੁਛਣੈਂ। ਬਾਬੇ ਕਦੋਂ ਦੇ ਸਟੈਂਡ ਬਾਏ ਨੇ।

**ਸ਼ਰਨ** : *(ਬਾਬੇ ਦੇ ਪੈਰੀਂ ਹੱਥ ਲਾਉਂਦੀ ਹੈ। ਕਿਰਨ ਵੀ ਆ ਕੇ ਲਾਗੇ ਬੈਠ ਜਾਂਦੀ ਹੈ)*

**ਗੁਰਮੀਤੋ** : ਭਗਤਣੀਏ ਸੇਵਾ ਦਾ ਦਿਖਾਵਾ ਨਹੀਂ ਕਰੀ ਦਾ, ਰੀਝ ਨਾਲ ਲੱਤਾਂ ਘੁੱਟੀਂ ਦੀਆਂ ਨੇ। *(ਗੁਰਮੀਤੋ ਬਾਬੇ ਦੀਆਂ ਲੱਤਾਂ ਘੁਟ ਕੇ ਦਿਖਾਉਂਦੀ ਹੈ)*

**ਚੇਲਾ** : ਕੁਝ ਪਾਉਣ ਲਈ ਕੁਝ ਗੁਆਉਣਾ ਪੈਂਦਾ ਭਾਈ। ਬਾਬੇ ਠੀਕ ਹੀ ਕਹਿੰਦੇ ਨੇ, ਸੇਵਾ ਦਾ ਹੀ ਮੇਵਾ ਮਿਲਦਾ। *(ਗੁਰਮੀਤੋ ਕਿਰਨ ਵੱਲ ਇਸ਼ਾਰਾ ਕਰਕੇ ਸ਼ਰਨ ਕੌਰ ਨੂੰ ਸਮਝਾਉਂਦੀ ਹੈ)*

**ਸ਼ਰਨ** : ਕਿਰਨ ਪੁੱਤ ਜਾ ਕੇ ਬਾਬਿਆਂ ਦੇ ਪੈਰੀਂ ਹੱਥ ਲਾ। *(ਸ਼ਰਨ ਕਿਰਨ ਨੂੰ ਆਪਣੇ ਹੀ ਪੈਰਾਂ 'ਤੇ ਹੱਥ ਲਾ ਕੇ ਦਿਖਾਉਂਦੀ ਹੈ)*

*(ਕਿਰਨ ਆਪਣੀ ਮਾਂ ਦੇ ਹੀ ਪੈਰਾਂ ਨੂੰ ਹੱਥ ਲਾ ਕੇ ਬੈਠ ਜਾਂਦੀ ਹੈ)*

**ਗੁਰਮੀਤੋ** : ਮਾ ਸਦਕੇ! ਅਖੇ ਅੰਨਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ।

**ਚੇਲਾ** : ਇਧਰ ਲਾ ਬਾਬਿਆਂ ਦੇ ਪੈਰੀਂ ਹੱਥ, ਜਿਨ੍ਹਾਂ ਨੇ ਤੇਰੇ ਦੁੱਖਾਂ ਦੀ ਮੁਕਤੀ ਕਰਨੀ ਐ।

*(ਸ਼ਰਨ, ਕਿਰਨ ਨੂੰ ਮੱਥਾ ਟੇਕਣ ਦਾ ਇਸ਼ਾਰਾ ਕਰਦੀ ਹੈ ਪ੍ਰੰਤੂ ਕਿਰਨ ਨਾਂਹ ਵਿਚ ਸਿਰ ਹਿਲਾਉਂਦੀ ਹੈ, ਬਾਬਾ ਭਠਿਆਰਾਂ ਵਾਲੇ ਅੱਖਾਂ ਖੋਲਦੇ ਹਨ, ਉਹ ਕ੍ਰੋਧਿਤ ਜਾਪਦੇ ਹਨ, ਸ਼ਰਨ ਡਰ ਜਾਂਦੀ ਹੈ)*

**ਸ਼ਰਨ** : ਮਾਫ਼ ਕਰ ਦਿਉ! ਬਾਬਾ ਜੀ, ਨਿਆਣੀ ਐ।

***(ਬਾਬਾ ਮੂੰਹ ਵਿਚ ਹੀ ਕੁਝ ਬੋਲਣਾ ਸ਼ੁਰੂ ਕਰਦਾ ਹੈ)***

**ਗੁਰਮੀਤੋ** : ਜੈ ਹੋਵੇ ਬਾਬਿਆਂ ਦੀ।

**ਬਾਬਾ** : ਔਂ ਲੱਖ ਨਰੰਜਨ, ਏਸੇ ਕੁੜੀ ਦੇ ਇਲਾਜ ਲਈ ਬੁਲਾਇਆ ਬਾਬਿਆਂ ਨੂੰ।

**ਸ਼ਰਨ** : ਤੁਸੀਂ ਜਾਣੀ ਜਾਣ ਹੋ ਬਾਬਾ ਜੀ।

**ਬਾਬਾ** : ***(ਗੁੱਸੇ ਨਾਲ)*** ਹੋਰ ਲਈ ਫਿਰੋ ਇਹਨੂੰ ਡਾਕਟਰਾਂ ਦੇ, ਕੁਝ ਨੀ ਕਰਨਾ ਉਨ੍ਹਾਂ ਨੇ। ਬੜੀ ਸਖਤ ਸ਼ੈਅ ਦਾ ਪਹਿਰਾ ਏ ਕੁੜੀ ’ਤੇ।

**ਗੁਰਮੀਤੋ** : ਮੈਂ ਤਾਂ ਇਨ੍ਹਾਂ ਨੂੰ ਫੋਨ ’ਤੇ ਹੀ ਦੱਸ ਦਿੱਤਾ ਸੀ, ਬਈ ਜਿਥੇ ਮਰਜ਼ੀ ਭੱਜੇ ਫਿਰੋ, ਆਖਿਰ ਤਾਂ ਬਾਬਿਆਂ ਦੇ ਹੀ ਚਰਨੀਂ ਲੱਗਣਾ ਪੈਣਾ। ***(ਬਾਬਾ ਹੋਰ ਵੱਧ ਗੁੱਸਾ ਪ੍ਰਗਟ ਕਰਦਾ ਹੈ ਤਾਂ ਇਕ ਚੇਲਾ ਬੋਲਦਾ ਹੈ)***

**ਚੇਲਾ** : ਕਰੋਪ ਨਾ ਹੋਇਉ ਬਾਬਾ ਜੀ, ਹੁਣ ਤਾਂ ਕੰਨ ਫੜ ਕੇ ਆਏ ਨੇ ਤੁਹਾਡੀ ਹਜ਼ੂਰੀ ’ਚ, ਕਰੋ ਕੋਈ ਉਪਾਅ।

**ਸ਼ਰਨ** : ਬਾਬਾ ਜੀ ਹੁਣ ਤਾਂ ਜੋ ਕੁਝ ਕਰਨੈਂ ਤੁਸੀਂ ਹੀ ਕਰਨੈ।

**ਗੁਰਮੀਤੋ** : ਆਹ ਦੇਖ! ਆਹ ਨਗ ਵਾਲੀ ਮੁੰਦਰੀ ਨੇ ਪਹਿਰਾ ਦੇਣਾ ਕੁੜੀ ’ਤੇ। ਜਾਹ! ਜਾ ਕੇ ਦਕਸ਼ਣਾ ਲੈ ਕੇ ਆ।

**ਚੇਲਾ** : ਬੀਬੀ, ਇਹਨੂੰ ਕੋਈ ਆਮ ਖਾਸ ਮੁੰਦਰੀ ਨਾ ਸਮਝੀਂ, ਇਹ ਬੜੀ ਦੂਰ ਦੂਰ ਤੱਕ ਮਾਰ ਕਰਦੀ ਹੈ, ਔਹ ਵੈਨਕੂਵਰ ਤੱਕ, ਔਹ ਨਿਉਯਾਰਕ ਤੱਕ, ਔਹ ਲੰਡਨ ਤੱਕ, ਜਾਹ! ਜਾ ਕੇ ਚੁੱਕ ਲਿਆ ਢਾਈ ਸੌ ਡਾਲਰ।

**ਸ਼ਰਨ** : ਏਨਾ ਕੈਸ਼ ਤਾਂ ਮੇਰੇ ਕੋਲ ਹੈ ਨਹੀਂ ਹੁਣ।

**ਗੁਰਮੀਤੋ** : ਕੋਈ ਮਾਸਟਰ ਕਾਰਡ?

**ਚੇਲਾ** : ਕੋਈ ਵੀਜ਼ਾ ਕਾਰਡ?

**ਗੁਰਮੀਤੋ** : ਕੋਈ ਚੈੱਕ?

**ਚੇਲਾ** : ਕੁਝ ਵੀ ਹੋਵੇ, ਬਾਬਿਆਂ ਨੂੰ ਸਭ ਕੁਝ ਹਜ਼ਮ ਹੈ।

**ਬਾਬਾ** : ਔਂ ਲੱਖ। ***(ਬਾਬਾ ਚੇਲੇ ਵੱਲ ਨੂੰ ਗੁੱਸੇ ਨਾਲ ਦੇਖਦਾ ਹੈ)***

**ਚੇਲਾ** : ਮੇਰਾ ਮਤਲਬ, ਬਾਬਿਆਂ ਨੂੰ ਸਭ ਮਨਜ਼ੂਰ ਹੈ।

**ਸ਼ਰਨ** : ਮਾਸਟਰ ਕਾਰਡ ਹੈ, ਮੇਰੇ ਕੋਲ।

**ਚੇਲਾ** : ਚੁੱਕ ਲਿਆ, ਚੱਲੂ।

**ਗੁਰਮੀਤੋ** : ਹੋਰ ਸੁਣ! ਧਿਆਨ ਨਾਲ, ਹੁਣ ਬਾਬਾ ਜੀ ਮੋਨ ਧਾਰਨ ਕਰਨਗੇ, ਆ ਕੇ ਡਿਸਟਰਬ ਨੀ ਕਰਨਾ ਬਾਬਿਆਂ ਨੂੰ। ***(ਬਾਬਾ ਮੋਨ ਧਾਰਨ ਕਰਨ ਦਾ ਐਕਸ਼ਨ ਕਰਦਾ ਹੈ)***

**ਚੇਲਾ** : ਬੀਬੀ, ਸੁੱਚੇ ਜਲ ਦਾ ਇਕ ਗਲਾਸ ਵੀ ਲਈ ਆਉਣਾ। ਸ਼ਰਨ ਉੱਠ ਕੇ ਤੁਰਦੀ ਹੈ ਅਤੇ ਕਿਰਨ ਵੀ ਉੱਠ ਕੇ ਮਾਂ ਦੇ ਪਿੱਛੇ ਹੀ ਤੁਰ ਪੈਂਦੀ ਹੈ, ਉਨ੍ਹਾਂ ਦੀ ਗੈਰ ਹਾਜ਼ਰੀ 'ਚ ਚੇਲਾ ਬਾਬੇ ਨੂੰ ਆਖਦਾ ਹੈ।

**ਚੇਲਾ** : ਬਾਬਾ ਜੀ ਫਸਗੀ ਮੁਰਗੀ, ਮੇਰਾ ਹਿੱਸਾ ਕਿੰਨਾ ਹੋਵੇਗਾ।

***(ਕਿਰਨ ਅੰਦਰੋਂ ਆਉਂਦੀ ਹੈ, ਉਸ ਦੇ ਹੱਥ 'ਚ ਪਾਣੀ ਦਾ ਗਲਾਸ ਹੈ, ਚੇਲਾ ਸੰਭਲ ਕੇ ਦੁਬਾਰਾ ਬੋਲਦਾ ਹੈ)***

**ਚੇਲਾ** : ***(ਕਿਰਨ ਵੱਲ ਦੇਖ ਕੇ)*** ਬਾਬਾ ਜੀ ਮੋਨ ਧਾਰਨ ਕਰ ਲਵੋ, ਆ ਰਹੀ ਹੈ।

***(ਗੁਰਮੀਤੋ ਇਕ ਮੂਰਤੀ 'ਤੇ ਪਾਣੀ ਪਾ ਰਹੀ ਹੈ)***

***(ਕਿਰਨ ਥੋੜਾ ਰੁੱਕ ਕੇ ਚੇਲੀ ਵੱਲ ਵੇਖਦੀ ਹੈ, ਫੇਰ ਪਾਣੀ ਦਾ ਗਲਾਸ ਬਾਬੇ ਦੇ ਸਿਰ 'ਚ ਪਾ ਦਿੰਦੀ ਹੈ)***

**ਬਾਬਾ** : ਔਂ ਲੱਖ, ਠੰਡਾ ਠੰਡਾ... ਇਹ ਕੈਸਾ ਹੈ ਫੰਡਾ ***(ਬਾਬਾ ਠੰਡਕ ਮਹਿਸੂਸ ਕਰਦਿਆਂ ਦੁਖੀ ਹੁੰਦਾ ਹੈ)***

***(ਚੇਲਾ ਕਿਰਨ ਹੱਥੋਂ ਪਾਣੀ ਦਾ ਗਲਾਸ ਫੜਦਾ ਹੈ)***

**ਗੁਰਮੀਤੋ** : ***(ਕਿਰਨ ਨੂੰ ਫੜ ਕੇ)*** ਨਰਕਾਂ ਨੂੰ ਜਾਣੀਏ, ਤੂੰ ਬਾਬਿਆਂ ਦਾ ਮੋਨ ਭੰਗ ਕਰ ਦਿੱਤਾ।

**ਸ਼ਰਨ** : ***(ਅੰਦਰੋਂ ਭੱਜ ਕੇ ਆਉਂਦੀ ਹੈ)*** ਕੀ ਹੋ ਗਿਆ ਮੇਰੀ ਕਿਰਨ ਨੂੰ।

**ਚੇਲਾ** : ਇਹਨੇ ਬਾਬਿਆਂ ਦੇ ਸਿਰ 'ਚ ਪਾਣੀ ਪਾ ਕੇ, ਬਾਬਿਆਂ ਦੀ ਸਾਰੀ ਫੂਕ ਕੱਢ ਦਿੱਤੀ ਹੈ। ***(ਬਾਬਾ ਚੇਲੇ ਵੱਲ ਗੁੱਸੇ ਨਾਲ ਦੇਖ ਕੇ ਬੋਲਦਾ ਹੈ)***

**ਬਾਬਾ** : ਔਂ ਲੱਖ।

**ਚੇਲਾ** : ਮਾਫ ਕਰਨਾ! ਬਾਬਿਆਂ ਦੀ ਫੂਕ ਨਹੀਂ, ਦੇਵੀ ਦੀ ਫੂਕ ਕੱਢ ਦਿੱਤੀ ਹੈ।

**ਸ਼ਰਨ** : ਬਖਸ਼ ਦਿਉ ਬਾਬਾ ਜੀ, ਇਹਨੂੰ ਕਈ ਵਾਰ ਪਤਾ ਨੀ ਲੱਗਦਾ।

**ਗੁਰਮੀਤੋ** : ਇਸ ਕੁੜੀ ਦਾ ਇਲਾਜ ਬੜਾ ਔਖਾ ਹੋਣੈ।

**ਚੇਲਾ** : ਦਕਸ਼ਣਾ ਵੀ ਵੱਧ ਲੱਗ ਸਕਦੀ ਐ। ***(ਕਿਰਨ ਡਰੀ ਖੜ੍ਹੀ ਹੈ)***

**ਬਾਬਾ** : ***(ਕਿਰਨ ਵੱਲ ਦੇਖ ਕੇ)*** ਅੱਗੇ ਨੂੰ ਆ ਪੁੱਤਰੀ ***(ਮੁੰਦਰੀ ਕਿਰਨ ਦੀ ਉਂਗਲ 'ਚ ਪਾਉਣ ਦੀ ਕੋਸ਼ਿਸ਼ ਕਰਦਾ ਹੈ)***

*(ਕਿਰਨ ਕਦੇ ਸੱਜਾ ਹੱਥ ਅੱਗੇ ਕਰ ਲੈਂਦੀ ਹੈ ਕਦੇ ਖੱਬਾ, ਬਾਬਾ ਕਿਰਨ ਦਾ ਹੱਥ ਜ਼ੋਰ ਨਾਲ ਫੜ ਲੈਂਦਾ ਹੈ, ਤੇ ਉਸ ਦੀ ਬਾਂਹ 'ਤੇ ਪੋਲੇ ਜਿਹੇ ਹੱਥ ਫੇਰਨਾ ਸ਼ੁਰੂ ਕਰ ਦਿੰਦਾ ਹੈ)*

**ਗੁਰਮੀਤੋ** : (**ਸ਼ਰਨ ਕੋਲ ਜਾ ਕੇ**) ਡਰ ਨਾ ਦੇਖੀ ਜਾਹ, ਇਲਾਜ ਹੋਣ ਦੇ ਕੁੜੀ ਦਾ, ਇਥੇ ਸਾਈਨ ਕਰ ਰਸੀਦ ਉੱਤੇ। *(ਰਸੀਦ ਅੱਗੇ ਕਰਦੀ ਹੈ, ਸ਼ਰਨ ਦਸਖਤ ਕਰ ਦਿੰਦੀ ਹੈ, ਗੁਰਮੀਤੋ ਰਸੀਦ ਦੀ ਇਕ ਕਾਪੀ ਇਕ ਪਾਸੇ ਰੱਖਦੀ ਹੈ)*

**ਚੇਲਾ** : ਨਾਲੇ ਕੱਲ ਨੂੰ ਚੌਂਕੀ ਲਾਉਣੀ ਨੀ ਭੁੱਲਣਾ, ਕੱਲ ਨੂੰ ਬਾਬਿਆਂ 'ਚ ਦੇਵੀ ਪ੍ਰਵੇਸ਼ ਕਰੇਗੀ।

*(ਕਿਰਨ ਰਸੀਦ ਚੁੱਕ ਲੈਂਦੀ ਹੈ ਤੇ ਪਰ੍ਹਾਂ ਚਲੀ ਜਾਂਦੀ ਹੈ)*

**ਗੁਰਮੀਤੋ** : ਏਥੇ ਰਸੀਦ ਪਈ ਸੀ। *(ਇਧਰ ਉਧਰ ਲੱਭਣ ਦੀ ਕੋਸ਼ਿਸ਼ ਕਰਦੀ ਹੈ ਪਰ ਨਹੀਂ ਲੱਭਦੀ)*

**ਚੇਲਾ** : ਬਾਬਾ ਜੀ ਚਲੀਏ ਹੁਣ, ਅਗਲੀ ਐਂਪਾਇੰਟਮਿੰਟ ਦਾ ਟਾਇਮ ਹੋ ਗਿਆ।

**ਸ਼ਰਨ** : ਭੈਣ ਜੀ ਰਸੀਦ ਜੇ ਮੈਨੂੰ ਲੱਭ ਗਈ ਮੈਂ ਲੈ ਆਵਾਂਗੀ ਕੱਲ ਨੂੰ। *(ਗੁਰਮੀਤੋ ਸਹਿਮਤ ਹੁੰਦੀ ਹੈ, ਫਿਰ ਸਭ ਕੁਝ ਸਮੇਟ ਕੇ ਉਹ ਜਾਂਦਿਆਂ ਗਾ ਰਹੇ ਹਨ)*

ਬਾਬਾ, ਚੇਲੇ ਤੇ ਗੁਰਮੀਤੋ ਬਾਹਰ ਨਿਕਲ ਰਹੇ ਹਨ। *(ਪੂਨੀਤ ਅੰਦਰ ਆਉਂਦੀ ਹੈ)*

*(ਉਹ ਬਾਬਿਆਂ ਵੱਲ ਦੇਖ ਕੇ ਗੁੱਸੇ ਵਿਚ ਆ ਜਾਂਦੀ ਹੈ, ਬਾਬੇ ਤੇ ਚੇਲੇ ਡਰਦਿਆਂ ਜਾਂਦੇ ਹਨ। ਕਿਰਨ ਦੇ ਹੱਥ ਵਿਚ ਇਕ ਰਸੀਦ ਪਕੜੀ ਹੋਈ ਹੈ।)*

*(ਸ਼ਰਨ ਕਿਰਨ ਦੇ ਹੱਥ 'ਚ ਫੜਿਆ ਪੇਪਰ ਖੋਂਹਦੀ ਹੈ ਤੇ ਉਸ ਉੱਤੇ ਲਿਖੀ ਅਮਾਊਂਟ ਦੇਖ ਕੇ ਇਕਦਮ ਫੋਨ ਕਰਦੀ ਹੈ, ਅੱਗਿਉਂ ਹੈਲੋ ਹੁੰਦੀ ਹੈ)*

**ਸ਼ਰਨ** : ਭੈਣ ਜੀ ਤੁਸੀਂ ਤਾਂ ਕਹਿੰਦੇ ਸੀ ਮੁੰਦਰੀ ਢਾਈ ਸੌ ਦੀ ਐ, ਪਰ ਤੁਸੀਂ ਤਾਂ ਰਸੀਦ ਸਾਢੇ ਬਾਰਾਂ ਸੌ ਦੀ ਕੱਟ ਦਿੱਤੀ ਐ।

**ਗੁਰਮੀਤੋ** : ਭਗਤਣੀਏ ਮੈਂ ਤਾਂ ਢਾਈ ਸੌ ਦੀ ਹੀ ਕੱਟੀ ਸੀ ਕਿਤੇ ਏਕਾ ਅੱਗੇ ਲੱਗ ਗਿਆ ਹੋਣੈ, ਏਕਾ ਹਟਾ ਦਿਆਂਗੇ।

**ਸ਼ਰਨ** : ਸ਼ੁਕਰ ਐ ਰੱਬ ਦਾ ਏਕਾ ਅੱਗੇ ਹੀ ਲੱਗਿਐ, ਕਿਤੇ ਪਿੱਛੇ ਲੱਗ ਜਾਂਦਾ ਤਾਂ ਮੇਰੇ ਕਾਰਡ ਦੀ ਤਾਂ ਲਿਮਟ ਹੀ ਖਤਮ ਹੋ ਜਾਣੀ ਸੀ, ਅਮਰੀਕ ਨੂੰ ਪਤਾ ਲੱਗ ਜਾਂਦਾ ਤਾਂ ਘਰ 'ਚ ਕਲੇਸ਼ ਪੈ ਜਾਣਾ ਸੀ। *(ਸ਼ਰਨ ਅਜੇ ਤੱਕ ਪੂਨੀਤ ਦੀ ਆਮਦ ਤੋਂ ਬੇਖਬਰ ਹੈ, ਪੂਨੀਤ ਤਣਾਅ ਵਿਚ ਜਾਪਦੀ ਹੈ, ਉਹ ਬੋਲਦੀ ਹੈ)*

**ਪ੍ਰਨੀਤ** : ਮਾਮ।

**ਸ਼ਰਨ** : ਆ ਗਿਆ ਮੇਰਾ ਪੁੱਤ?

**ਪ੍ਰਨੀਤ** : ਮਾਮ, ਕਿਰਨ ਕਿੱਥੇ ਆ?

**ਸ਼ਰਨ** : ਆਹ ਹੁਣੇ ਇਥੇ ਫਿਰਦੀ ਸੀ। ***(ਕਿਰਨ ਇਕ ਕੋਨੇ 'ਚ ਖੜ੍ਹੀ ਹੈ)***

**ਪ੍ਰਨੀਤ** : ***(ਕਿਰਨ ਵੱਲ ਦੇਖ ਕੇ)*** ਮਾਂ! ਮੈਂ ਤੈਨੂੰ ਕਿੰਨੀ ਵਾਰ ਦੱਸਿਆ, ਬਈ ਆਪਣੀ ਕਿਰਨ ਸਿੱਕ ਐ, ਇਹਨੂੰ ਮੈਂਟਲ ਪਰਾਬਲਮ ਹੈ, ਪਰ ਤੂੰ ਫੇਰ ਵੀ ਇਸ ਬਾਸਟਰਡ ਬਾਬੇ ਨੂੰ ਘਰੇ ਬੁਲਾ ਲਿਆ।

**ਸ਼ਰਨ** : ਪੁੱਤ ਏਦਾਂ ਨੀ ਬੋਲੀ ਦਾ ਮਹਾਪੁਰਸ਼ਾਂ ਨੂੰ, ਇਹ ਤਾਂ ਬਹੁਤ ਪਹੁੰਚੇ ਹੋਏ ਬਾਬੇ ਨੇ।

**ਪ੍ਰਨੀਤ** : ਰਮਨ ਦੀ ਮਾਂ ਵੀ ਏਦਾਂ ਹੀ ਸੋਚਦੀ ਸੀ। ਪਰ ਜੋ ਕੁਝ ਇਸ ਬਾਬੇ ਨੇ ਉਨ੍ਹਾਂ ਕੁੜੀਆਂ ਨਾਲ ਕੀਤਾ, ਇਹ ਤਾਂ ਉਹੀ ਜਾਣਦੀਆਂ ਨੇ, ਰਮਨ ਤਾਂ ਇਕ ਵਾਰ ਪਾਗਲਾਂ ਵਾਗ ਹੀ ਹੋ ਗਈ ਸੀ।

**ਸ਼ਰਨ** : ਪ੍ਰਨੀਤ ਤੂੰ ਬਹੁਤੀ ਤਰਫਦਾਰੀ ਨਾ ਕਰਿਆ ਕਰ, ਮੈਂ ਜਾਣਦੀ ਆਂ ਇਥੇ ਦੇ ਜੁਆਕਾਂ ਨੂੰ, ਐਵੇਂ ਹਵਾ 'ਚੋਂ ਗੱਲਾਂ ਬਣਾ ਲੈਂਦੇ ਨੇ।

**ਪ੍ਰਨੀਤ** : ਮਾਮ, ਰਮਨ ਤੇ ਉਹਦੀਆਂ ਭੈਣਾਂ ਨੇ ਕੋਈ ਗੱਲ ਨਹੀਂ ਬਣਾਈ, ਇਹ ਬਿਲਕੁਲ ਸੱਚ ਹੈ ਕਿ ਇਹੀ ਬਾਬਾ ਰਮਨ ਹੋਰਾਂ ਦੇ ਘਰ ਰਹਿੰਦਾ ਸੀ, ਦੋ ਵਾਰ ਤਾਂ ਰਾਤ ਨੂੰ ਰਮਨ ਦੇ ਕਮਰੇ 'ਚ ਵੀ ਜਾ ਵੜਿਆ ਸੀ। ਉਨ੍ਹਾਂ ਦੀ ਮਾਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ, ਜਦੋਂ ਕਿ ਤਿੰਨਾਂ ਭੈਣਾਂ ਨੂੰ ਬਾਬੇ ਦੀਆਂ ਹਰਕਤਾਂ ਦਾ ਪਤਾ ਸੀ। ***(ਸ਼ਰਨ ਕੁਝ ਪਲ ਚੁੱਪ ਰਹਿ ਕੇ ਫਿਰ ਬੋਲਦੀ ਹੈ)***

**ਸ਼ਰਨ** : ਪ੍ਰਨੀਤ ਪੁੱਤ ਦੇਖ! ਤੇਰੀ ਭੈਣ ਬਿਮਾਰ ਐ, ਮੇਰੇ ਕੋਲੋਂ ਤਾਂ ਇਹਦੀ ਹਾਲਤ ਦੇਖੀ ਨੀ ਜਾਂਦੀ, ਮੈਨੂੰ ਪੂਰਾ ਭਰੋਸਾ ਹੈ ਕਿ ਇਹਨੂੰ ਬਾਬੇ ਨੇ ਠੀਕ ਕਰ ਦੇਣੈ।

**ਪ੍ਰਨੀਤ** : ਮਾਮ! ਮੈਨੂੰ ਪਤੈ ਤੂੰ ਬਾਬੇ ਦੇ ਜਾਣ ਤੋਂ ਹਟਣਾ ਤਾਂ ਹੈ ਨਹੀਂ, ਪਰ ਇਸ ਵਾਰ ਮੈਂ ਕਿਰਨ ਦੇ ਨਾਲ ਜਾਵਾਂਗੀ। ਅਗਰ ਬਾਬੇ ਨੇ ਕਿਰਨ ਨਾਲ ਕੋਈ ਪੁੱਠੀ ਸਿੱਧੀ ਹਰਕਤ ਕੀਤੀ ਤਾਂ ਮੈਂ ਕਰਾਂਗੀ ਬਾਬੇ ਨੂੰ ਫਿਕਸ।

**ਸ਼ਰਨ** : ਨਾ ਤੂੰ ਕਰਾਟੇ ਇਸੇ ਕਰਕੇ ਸਿੱਖਣ ਲੱਗੀ ਐਂ, ਬਈ ਬਾਬਿਆਂ 'ਤੇ ਹੀ ਹੱਥ ਚੁੱਕੇਂ!

**ਪ੍ਰਨੀਤ** : ***(ਹੂੰ ਕਹਿਕੇ ਤੁਰਨ ਲੱਗਦੀ ਹੈ)*** ਸੱਚ! ਮਾਮ ਤੁਸੀਂ ਫੋਨ 'ਤੇ ਸਾਢੇ ਬਾਰਾਂ ਸੌ ਦੀ ਕੀ ਗੱਲ ਕਰਦੇ ਸੀ?

**ਸ਼ਰਨ** : ਉਹ ਸਾਢੇ ਬਾਰਾਂ ਸੌ ਤਾਂ... ***(ਗੱਲ ਕਰਦੀ ਕਰਦੀ ਰੁੱਕ ਜਾਂਦੀ ਹੈ ਤੇ ਦਰਵਾਜ਼ੇ ਵੱਲ ਦੇਖ ਕੇ ਬੋਲਦੀ ਹੈ)*** ਪ੍ਰਨੀਤ ਮੈਨੂੰ ਲਗਦੈ ਤੇਰਾ ਡੈਡੀ ਆ ਗਿਆ ਤੂੰ ਉਨ੍ਹਾਂ ਕੋਲ ਸਾਢੇ ਬਾਰਾਂ ਸੌ ਦੀ ਜਾਂ ਬਾਬੇ ਦੀ ਕੋਈ ਗੱਲ ਨਹੀਂ ਕਰਨੀ ਐਵੇਂ ਘਰ 'ਚ ਕਲੇਸ਼ ਪਵੇਗਾ।

***(ਦੋਵੇਂ ਚੁੱਪ ਹੋ ਜਾਂਦੀਆਂ ਹਨ, ਅਮਰੀਕ ਸਿੰਘ ਕਮਰੇ 'ਚ ਪ੍ਰਵੇਸ਼ ਕਰਦਾ ਹੈ)***

**ਅਮਰੀਕ** : ਬਈ ਕੀ ਗੱਲ ਐ, ਦੋਵੇਂ ਮਾਵਾਂ ਧੀਆਂ ਬੜੀਆਂ ਚੁੱਪ ਚੁੱਪ ਖੜ੍ਹੀਆਂ ਨੇ?

**ਸ਼ਰਨ** : ਲੈ ਸਾਡੇ 'ਚ ਕੀ ਗੱਲ ਹੋਣੀ ਐ, ਪ੍ਰਨੀਤ ਅਜੇ ਹੁਣੇ ਪੜ੍ਹ ਕੇ ਆਈ ਐ, ਅਸੀਂ ਤਾਂ ਮਾਵਾਂ ਧੀਆਂ ਅਜੇ ਮਿਲ ਕੇ ਹੀ ਹਟੀਆਂ। ***(ਪ੍ਰਨੀਤ ਆਪਣੇ ਡੈਡੀ ਨੂੰ ਵਿਸ਼ ਕਰਕੇ ਕਮਰੇ 'ਚ ਜਾਂਦੀ ਹੈ)***

***(ਇਕਦਮ ਕੋਈ ਖੜਕਾ ਹੁੰਦਾ ਹੈ)***

**ਅਮਰੀਕ** : ਕਿਰਨ ਕਿਥੇ ਹੈ?

**ਸ਼ਰਨ** : ਅਜੇ ਹੁਣੇ ਇਥੇ ਖੜ੍ਹੀ ਸੀ।

**ਅਮਰੀਕ** : ਲੱਗਦਾ ਕਿਰਨ ਨੂੰ ਕੁਝ ਹੋ ਗਿਆ। ***(ਅਮਰੀਕ ਸਿੰਘ ਚਿੰਤਾ ਵਿਚ ਇਧਰ ਉਧਰ ਦੇਖ ਕੇ, ਤੇਜ਼ੀ ਨਾਲ ਦੂਜੇ ਕਮਰੇ 'ਚ ਜਾਂਦਾ ਹੈ ਫਿਰ ਕਿਰਨ ਨੂੰ ਫੜ ਕੇ ਲਈ ਆਉਂਦਾ ਹੈ)***

**ਸ਼ਰਨ** : ਕੀ ਹੋ ਗਿਆ ਮੇਰੀ ਕਿਰਨ ਨੂੰ?

**ਅਮਰੀਕ** : ਬਾਥਰੂਮ ਦੀ ਟਾਇਲਟ 'ਚ ਪਲੰਜਰ ਫੇਰਦੀ ਸੀ, ਦੇਖ ਸਾਰੇ ਕੱਪੜਿਆਂ ਦਾ ਕੀ ਹਾਲ ਕੀਤੈ। ਤੁਸੀਂ ਇਹਦਾ ਧਿਆਨ ਰੱਖਿਆ ਕਰੋ।

**ਸ਼ਰਨ** : ਮੈਂ ਤਾਂ ਬਥੇਰਾ ਧਿਆਨ ਰੱਖਦੀ ਆਂ ਸਾਰਾ ਦਿਨ, ਪਤਾ ਹੀ ਨਹੀਂ ਲਗਦਾ ਕਦੋਂ ਇਧਰ ਉਧਰ ਖਿਸਕ ਜਾਂਦੀ ਐ, ਲਿਆਉ ਮੈਂ ਇਹਦੇ ਕੱਪੜੇ ਬਦਲ ਦੇਵਾਂ, ਤੁਸੀਂ ਕੁਝ ਖਾ ਪੀ ਲਵੋ, ਫੇਰ ਤੁਸੀਂ ਤਾਂ ਦੂਜੀ ਜੌਬ 'ਤੇ ਵੀ ਜਾਣੈ।

***(ਸ਼ਰਨ ਕਿਰਨ ਨੂੰ ਲੈ ਕੇ ਜਾਂਦੀ ਹੈ, ਅਮਰੀਕ ਸਿੰਘ ਇਕ ਪਾਸੇ ਕਮਰੇ ਵੱਲ ਨਿਕਲ ਜਾਂਦਾ ਹੈ, ਪਿੱਠ ਭੂਮੀ ਤੋਂ ਗੀਤ ਦੀਆਂ ਸਤਰਾਂ ਸੁਣਾਈ ਦਿੰਦੀਆਂ ਹਨ)***

**ਗੀਤ** : ਨਿੱਕੀ ਜਿੰਨੀ ਜਿੰਦ, ਕੇਹੀਆਂ ਗੁੰਝਲਾਂ ਵਿਚ ਕੈਦ ਹੈ।
ਰੋਗ ਦਾ ਦਾਰੂ ਦੇਵੇ ਕਿਹੜਾ ਧਨੰਤਰ ਵੈਦ ਹੈ...
ਨਿੱਕੀ ਜਿੰਨੀ ਜਿੰਦ.............

***(ਹੌਲੀ ਹੌਲੀ ਫੇਡ ਆਉਟ ਹੁੰਦਾ ਹੈ)***

## ਦੂਜਾ ਸੀਨ

*(ਮਲੂਕੇ ਦੇ ਘਰ ਦਾ ਦ੍ਰਿਸ਼, ਸੋਫੇ 'ਤੇ ਬੈਠਾ ਕਮਲ ਐਵੇਂ ਕੋਈ ਅਖਬਾਰ ਪੜ੍ਹ ਰਿਹਾ ਹੈ, ਥੋੜ੍ਹੇ ਪਲਾਂ ਬਾਅਦ ਮਲੂਕਾ ਸ਼ਰਾਬ ਦੀ ਬੋਤਲ ਲਿਆ ਕੇ ਸੋਫੇ ਸਾਹਮਣੇ ਪਈ ਟੇਬਲ 'ਤੇ ਰੱਖਦਾ ਹੈ, ਕਮਲ ਮੁਸਕਰਾਉਂਦਾ ਹੈ... ਮਲੂਕਾ ਇਧਰ ਉਧਰ ਦੇਖ ਕੇ ਫਿਰ ਕਮਲ ਤੋਂ ਪੁੱਛਦਾ ਹੈ)*

**ਮਲੂਕਾ** : ਕਮਲ, ਹਰਮਿੰਦਰ ਕਿੱਧਰ ਗਿਆ?

**ਕਮਲ** : ਕਿਚਨ 'ਚੋਂ ਗਿਲਾਸ ਲੈਣ ਗਿਐ... ਪਤਾ ਨੀ ਕੀ ਕਰਨ ਲੱਗ ਗਿਆ?

**ਮਲੂਕਾ** : ਕਿਉਂ ਬਈ ਕਮਲ, ਮਿੱਤਰਾਂ ਦੀ ਮਹਿਫ਼ਲ 'ਚੋਂ ਜੇ ਡਰਿੰਕ ਮਨਫੀ ਕਰਦੀਏ ਤਾਂ ਬਾਕੀ ਕੀ ਬਚੂ?

**ਕਮਲ** : ਉਬਾਸੀਆਂ ਬਚਣਗੀਆਂ ਹੋਰ ਕੀ? ਮਲੂਕਿਆ ਤੇਰੇ ਘਰ ਦੀ ਮਹਿਫ਼ਲ ਸੱਚੀਉਂ ਲਾਜਵਾਬ ਹੁੰਦੀ ਐ।

**ਮਲੂਕਾ** : ਇਹ ਮਲੂਕੇ ਦਾ ਘਰ ਨੀ ਵੀਰ... ਛੜਾਸਥਾਨ ਐ... ਛੜਾਸਥਾਨ... ਮਰਜ਼ੀ ਨਾਲ ਬੈਠੋ, ਖੜ੍ਹੋ, ਖਾਓ, ਪੀਓ... ਜੋ ਜੀ ਚਾਹੁੰਦੈ ਕਰੋ।

*(ਫਿਰ ਅਚਾਨਕ ਉਸਨੂੰ ਜਿਵੇਂ ਕੁਝ ਯਾਦ ਆਗਿਆ ਹੋਵੇ... ਮਲੂਕਾ ਬੋਲਦਾ ਹੈ)*

... ਹਰਮਿੰਦਰ... ਕਿਹੜੇ ਮੱਟਾਂ 'ਚ ਹੱਥ ਪਾ ਕੇ ਬਹਿ ਗਿਆ ਯਾਰ... ਆ ਜਾ ਵੀ ਹੁਣ?

*(ਹਰਮਿੰਦਰ ਸਿੰਘ ਤਿੰਨ ਗਿਲਾਸ, ਆਈਸਬਰਗ, ਕੁਝ ਖਾਣ ਲਈ ਸਮਾਨ ਲੈ ਕੇ ਆਉਂਦਾ ਹੈ)*

**ਹਰਮਿੰਦਰ** : *(ਆਉਂਦਿਆਂ ਹੀ)* ਦੇਖ ਮਲੂਕੇ ਨੇ ਆਪਦੇ ਘਰ ਕੀ ਹਾਲ ਬਣਾ ਰੱਖਿਐ, ਕਈ ਕਈ ਦਿਨਾਂ ਦੇ ਜੂਠੇ ਭਾਂਡੇ ਉਸੇ ਤਰ੍ਹਾਂ ਹੀ ਪਏ ਨੇ।

**ਕਮਲ** : ਸਿਆਣੇ ਐਵੇਂ ਤਾਂ ਨਹੀਂ ਕਹਿਗੇ, ਕੌਣ ਚੌਂਤਰੇ ਹੁੰਝੇ ਘਰ ਦੀ ਨਾਰ ਬਿਨਾਂ।

**ਹਰਮਿੰਦਰ** : ਆ ਦੇਖ ਮਲੂਕੇ ਦੀ ਟੇਬਲੀ ਜਿਹੀ, ਜੇ ਹਵਾ ਦਾ ਬੁੱਲਾ ਆ ਗਿਆ ਤਾਂ ਐਸ ਬੋਤਲ ਦਾ ਕੱਖ ਨੀ ਬਚਣਾ।

*(ਮਲੂਕਾ ਪੈੱਗ ਪਾਉਂਦਾ ਹੈ, ਹਰਮਿੰਦਰ ਸੋਡਾ ਤੇ ਆਈਸ ਬਰਗ ਪਾ ਕੇ ਡਰਿੰਕ ਤਿਆਰ ਕਰਦਾ ਹੈ, ਮਲੂਕਾ ਜਿਵੇਂ ਕਿਸੇ ਸੋਚ ਵਿਚ ਡੁੱਬਿਆ ਹੋਵੇ, ਸੋਫੇ ਦੇ ਨਾਲ ਢੂਹ ਲਾ ਕੇ ਬੈਠ ਜਾਂਦਾ ਹੈ, ਉਹ ਅੱਖਾਂ ਬੰਦ ਕਰਦਾ ਹੈ... ਕਮਲ ਤੇ ਹਰਮਿੰਦਰ ਉਸ ਵੱਲ ਤੱਕ ਕੇ ਆਪੋ 'ਚ ਇਸ਼ਾਰਾ ਕਰਦੇ ਹਨ।*

*ਫਿਰ ਕਮਲ ਬੋਲਦਾ ਹੈ)*

**ਕਮਲ** : ਚੱਲ ਮੁਕਾ ਹੁਣ ਪੈੱਗ ਨੂੰ, ਐਂਵੇਂ ਇਹਦੀ ਲੱਸੀ ਜਿਹੀ ਬਣਾਈ ਜਾਨੈ। ਹੁਣ ਤਾਂ ਡਾਕਟਰਾਂ ਨੇ ਵੀ ਕਹਿ ਦਿੱਤਾ, ਬਈ ਦੋ ਪੈੱਗ ਲਾਉ, ਨਸ਼ੇ ਦਾ ਨਸ਼ਾ ਨਾਲੇ ਹਾਰਟ ਅਟੈਕ ਤੋਂ ਬਚਾਉ। *(ਮਲੂਕਾ ਸੰਭਲਦਾ ਹੈ, ਪੈੱਗ ਫੜ ਕੇ ਚੀਅਰ ਕਰਦਾ ਹੈ, ਸਿੱਪ ਕਰਕੇ ਹੱਥ 'ਚ ਫੜ ਲੈਂਦਾ ਹੈ)*

**ਹਰਮਿੰਦਰ** : ਉਏ ਕਮਲ, ਵੱਡੀਆਂ ਵੱਡੀਆਂ ਕੰਪਨੀਆਂ ਵਾਲੇ ਲੋਕ ਇਹੋ ਜਿਹੀਆਂ ਸ਼ੁਰਲੀਆਂ ਛੱਡਦੇ ਹੀ ਰਹਿੰਦੇ ਹਨ, ਲੱਗਦੈ ਦਾਰੂ ਪੀਣ ਵਾਲੀ ਕੰਪਨੀ ਨੂੰ ਘਾਟਾ ਪੈ ਗਿਆ ਹੋਣੈ।

**ਕਮਲ** : ਉਏ ਆਹ ਕਿਹੜੀ ਗੱਲ ਕਰਤੀ, ਸਾਰੀ ਮਾਰਕੀਟ ਥੱਲੇ ਡਿੱਗਜੂ ਪਰ ਦਾਰੂ ਦੀ ਮਾਰਕੀਟ ਉੱਤੇ ਹੀ ਉੱਤੇ ਚੜ੍ਹਦੀ ਜਾਊ, ਉਏ ਜਿਉਂਦੇ ਰਹਿਣ ਪੰਜਾਬੀ, ਘਾਟਾ ਤਾਂ ਇਹ ਹੀ ਨੀ ਪੈਣ ਦਿੰਦੇ। *(ਕਮਲ ਪੂਰਾ ਪੈੱਗ ਪੀ ਜਾਂਦਾ ਹੈ, ਹਰਮਿੰਦਰ ਮਲੂਕੇ ਵੱਲ ਦੇਖ ਕੇ ਬੋਲਦਾ ਹੈ)*

**ਹਰਮਿੰਦਰ** : ਉਏ ਮਲੂਕਿਆ ਕਿੱਧਰ ਧਿਆਨ ਗੱਡਿਐ, ਕਿਤੇ ਜੌਬ ਜੂਬ ਮਿਲ ਗਈ ਜਾਂ ਨਹੀਂ।

**ਮਲੂਕਾ** : ਮੈਨੂੰ ਨਹੀਂ ਚਾਹੀਦੀ ਕੋਈ ਜੌਬ ਜੂਬ, ਉਏ ਹਰਮਿੰਦਰਾ ਦੇਖ ਮੈਨੂੰ ਲੱਗਦੈ ਮੇਰੀ ਲਾਟਰੀ ਨਿਕਲ ਆਈ ਐ। *(ਲਾਟਰੀ ਦੀ ਟਿਕਟ ਹਰਮਿੰਦਰ ਨੂੰ ਦਿਖਾਉਂਦਾ ਹੈ)*

**ਕਮਲ** : *(ਚਹਿਕ ਕੇ)* ਆਹ ਤਾਂ ਸਵਾਦ ਈ ਆ ਗਿਆ, ਕਿੰਨੇ ਮਿਲੀਅਨ ਦੀ ਐ? *(ਮਲੂਕਾ ਟਿਕਟ ਹਰਮਿੰਦਰ ਵੱਲ ਵਧਾਉਂਦਾ ਹੈ ਤੇ ਲਾਟਰੀ ਦਾ ਨਤੀਜਾ ਵੀ)*

**ਹਰਮਿੰਦਰ** : *(ਧਿਆਨ ਨਾਲ ਦੇਖ ਕੇ)* ਬਈ ਨੰਬਰ ਤਾਂ ਮਿਲਦੇ ਨੇ, *(ਥੋੜ੍ਹਾ ਹੈਰਾਨੀ ਨਾਲ)* ਉਏ ਤੂੰ ਮਰ ਜਾਏਂ ਮਲੂਕਿਆ ਆ ਕੀ ਕਰਤੈ, ਤੂੰ ਤਾਂ ਟਿਕਟ ਹੀ ਡੇਢ ਮਹੀਨਾ ਪੁਰਾਣੀ ਚੁੱਕੀ ਫਿਰਦੈ।

**ਮਲੂਕਾ** : ਯਾਰ ਆਹ ਥੋੜ੍ਹੇ ਜਿਹੇ ਦਿਨ ਪਹਿਲਾਂ ਹੀ ਖਰੀਦੀ ਸੀ, ਡੇਢ ਮਹੀਨਾ ਬੜੀ ਛੇਤੀ ਲੰਘ ਗਿਆ। *(ਸਾਰੇ ਉਦਾਸ ਹੋ ਜਾਂਦੇ ਹਨ)*

**ਕਮਲ** : ਮਲੂਕਿਆ ਤੇਰੀ ਲਾਟਰੀ ਦਾ ਸੁਣ ਕੇ ਤਾਂ ਮੈਨੂੰ ਇਕ ਵਾਰ ਇਉਂ ਲੱਗਿਆ, ਜਿਵੇਂ ਤੂੰ ਹਮਰ ਚਲਾਉਂਦਾ ਹੋਵੇਂ ਤੇ ਮੈਂ ਤੇਰੇ ਨਾਲ ਬੈਠਾ ਹੋਵਾਂ, ਹਮਰ ਤੇ ਲਿਖਿਆ ਹੋਵੇ, ਗੇੜਾ ਲਾ ਕੇ ਨੀ ਲਿਆ, ਲਾਟਰੀ ਦੇ ਪੈਸਿਆਂ ਨਾਲ ਖਰੀਦਿਆ।

**ਮਲੂਕਾ** : ਮਜ਼ਾਕ ਛੱਡੋ ਯਾਰ, ਸੱਚ ਹਰਮਿੰਦਰਾ ਤੂੰ ਕਿਸੇ ਜੌਬ ਦੀ ਗੱਲ ਕਰਦਾ ਸੀ, ਹੈ ਕੋਈ ਜੌਬ?

**ਹਰਮਿੰਦਰ** : ਮਲੂਕਿਆ ਮੈਨੂੰ ਵੀ ਲੇਅ ਆਫ ਦੇ ਪੇਪਰ ਮਿਲ ਗਏ ਨੇ, ਬੁਸ਼ ਦੀਆਂ ਮਾੜੀਆਂ ਪਾਲਸੀਆਂ ਦੇ ਨਤੀਜੇ ਹੁਣ ਸਾਨੂੰ ਵੀ ਭੁਗਤਣੇ ਪੈਣੇ ਨੇ, ਹੁਣ ਲੱਗਦਾ ਨੀ ਜੌਬ ਜਲਦੀ ਮਿਲੂਗੀ।

**ਕਮਲ** : ਛੱਡੋ ਯਾਰ ਕੀ ਲੇਅ ਆਫ ਦੀਆਂ ਗੱਲਾਂ ਕਰਕੇ ਐਵੇਂ ਸਟਰੈਸ ਵਧਾਈ ਜਾਨੈ ਉ, ਉਏ ਮਲੂਕਿਆ ਮੁਕਾ ਹੁਣ ਪੈੱਗ, ਆਪਾਂ ਤਾਂ ਕੱਲ੍ਹ ਨੂੰ ਬਾਬੇ ਭਠਿਆਰੇ ਦੀ ਚੌਂਕੀ 'ਤੇ ਵੀ ਜਾਣੈ।

**ਹਰਮਿੰਦਰ** : ਕੀ ਕਿਹਾ, ਬਾਬੇ ਭਠਿਆਰੇ ਦੇ ਜਾਣੈ, ਤੁਸੀਂ ਕਦੋਂ ਤੋਂ ਬਣਗੇ ਚੇਲੇ ਇਸ ਠੱਗ ਦੇ? ਮੈਂ ਤਾਂ ਇਹਨੂੰ ਇੰਡੀਆ ਤੋਂ ਜਾਣਦਾਂ।

**ਮਲੂਕਾ** : ਐਵੇਂ ਨਾ ਨਿੰਦੀ ਜਾਇਆ ਕਰ, ਸਾਡਾ ਕੰਮ ਬਣ ਲੈਣ ਦੇ।

**ਹਰਮਿੰਦਰ** : ਨਾ ਤੁਸੀਂ ਉਹਤੋਂ ਕੀ ਮੁੰਡਾ ਲੈਣ ਜਾਣੈ?

**ਮਲੂਕਾ** : ਯਾਰ ਜੇ ਮੂੰਹ ਨੀ ਚੰਗਾ ਤਾਂ ਗੱਲ ਤਾਂ ਚੰਗੀ ਕਰਿਆ ਕਰ।

**ਕਮਲ** : ਨਾ ਦੱਸ ਇਹਦੇ ਕੀ ਕੀੜੇ ਪਏ ਨੇ, ਇਹਦੇ ਮੁੰਡਾ ਕਿਉਂ ਨੀ ਹੋ ਸਕਦਾ।

**ਹਰਮਿੰਦਰ** : ਉਏ ਤੇਰੇ ਰੰਨ ਨਾ ਕੰਨ, ਮੁੰਡਾ ਭਲਾ ਕੋਠੇ ਤੋਂ ਡਿਗਜੂ?

**ਕਮਲ** : ਉਏ ਅਸੀਂ ਮਲੂਕੇ ਦੇ ਵਿਆਹ ਬਾਰੇ ਹੀ ਪੁੱਛਣ ਜਾਣੈ, ਜੇ ਜਨਾਨੀ ਮਿਲ ਗਈ ਫੇਰ ਮੁੰਡਾ ਵੀ ਮਿਲ ਜਾਉ।

**ਹਰਮਿੰਦਰ** : ਉਏ ਪਹਿਲਾਂ ਵੀ ਤਾਂ ਇਹਨੇ ਬਾਬਿਆਂ ਦੀ ਭਗਤਣੀ ਨਾਲ ਹੀ ਵਿਆਹ ਕਰਵਾਇਆ ਸੀ, ਉਹ ਤਾਂ ਇਹਦੇ ਕੋਲੋਂ ਰੱਖ ਨੀ ਹੋਈ।

**ਮਲੂਕਾ** : ਮੈਂ ਤਾਂ ਰੱਖਦਾ ਸੀ, ਉਹ ਹੀ ਨਹੀਂ ਰਹੀ।

**ਕਮਲ** : ਰਹਿਣੀ ਕਿਥੇ ਸੀ... ਉਹ ਐਮ.ਏ. ਪੜ੍ਹੀ ਹੋਈ ਸੀ, ਅਪਣਾ ਮਲੂਕਾ ਵਿਚਾਰਾ ਐਵੇਂ ਪਾਸ, ਕੋਰਾ ਅਨਪੜ੍ਹ, ਉਹਨੇ ਤਾਂ ਇਧਰ ਕੈਨੇਡਾ ਨਿਕਲਣ ਲਈ ਮਲੂਕੇ ਨਾਲ ਵਿਆਹ ਕਰਵਾਇਆ ਸੀ। ਇਥੇ ਪਹੁੰਚ ਕੇ ਮਾਰੀ ਮਲੂਕੇ ਦੇ ਢੂਹੇ 'ਚ ਲੱਤ ***(ਲੱਤ ਮਾਰਨ ਦਾ ਐਕਸ਼ਨ ਕਰਦਾ ਹੈ (ਕਮਲ ਦੇ ਲੱਤ ਮਾਰਨ ਸਮੇਂ ਹਰਮਿੰਦਰ ਤੇਜ਼ੀ ਨਾਲ ਸ਼ਰਾਬ ਵਾਲੀ ਬੋਤਲ ਸੰਭਾਲਦਾ ਹੈ)***

**ਹਰਮਿੰਦਰ** : ਓਏ ਮਲੂਕੇ ਦੇ ਢੂਹੇ ਦਿਆ ਲਗਦਿਆ, ਦੇਖੀਂ ਕਿਤੇ ਲੱਤ ਮਾਰ ਕੇ ਬੋਤਲ ਨਾ ਭੰਨ ਦੇਵੀਂ।

**ਕਮਲ** : ਗੱਲ ਤੇਰੀ ਠੀਕ ਏ, ਮਲੂਕੇ ਦਾ ਢੂਹਾ ਤਾਂ ਫੇਰ ਵੀ ਜੁੜ ਜਾਊ ਪਰ ਬੋਤਲ ਦਾ ਮੁਸ਼ਕਲ ਹੋ ਜਾਣੈ।

**ਹਰਮਿੰਦਰ** : ਫੇਰ ਮਲੂਕੇ ਦੀ ਘਰਵਾਲੀ ਦਾ ਕੀ ਬਣਿਆ?

**ਕਮਲ** : ਉਹਨੇ ਆਪਣਾ ਆਸ਼ਕ ਇਧਰ ਸੱਦ ਲਿਆ, ਮਲੂਕਾ ਰਹਿ ਗਿਆ ਵਿਚਾਰਾ ਵਕੀਲਾਂ ਦੇ ਖਰਚੇ ਤਾਰਦਾ।

**ਹਰਮਿੰਦਰ** : ਨਾ ਮਲੂਕਿਆ ਕਰਨੀ ਸੀ ਫਿਰ ਬਾਬਿਆਂ ਨਾਲ ਗੱਲ, ਬਈ ਆ ਤੇਰੀ ਭਗਤਣੀ ਕੀ ਚੰਦ ਚਾੜਗੀ।

**ਕਮਲ** : ***(ਉੱਚੀ ਉੱਚੀ ਹੱਸਦਾ ਹੈ)*** ਫੋਨ ਤਾਂ ਵਿਚਾਰੇ ਨੇ ਕੀਤਾ ਸੀ, ਅੱਗਿਉਂ ਬਾਬਾ ਪਤੈ ਕੀ ਕਹਿੰਦਾ?

**ਮਲੂਕਾ** : ***(ਟੋਕ ਕੇ)*** ਚੁੱਪ ਕਰ ਉਏ ਕਮਲ, ਤੈਨੂੰ ਵੀ ਅੱਗੇ ਤੋਂ ਕੋਈ ਗੱਲ ਨੀ ਦੱਸਿਆ ਕਰਨੀ।

**ਹਰਮਿੰਦਰ** : ਪਲੀਜ਼ ਦੱਸਦੇ ਕਮਲ।

**ਕਮਲ** : ਮਲੂਕਿਆ ਦੱਸ ਦੇਣ ਦੇ, ਇਹ ਵੀ ਆਪਣਾ ਯਾਰ ਹੈ। ਬਾਬਾ ਕਹਿੰਦਾ, ਮਲੂਕਿਆ ਜਿਹੋ ਜਿਹਾ ਬੀਜੋਗੇ, ਤੇਹਾ ਹੀ ਵੱਢੋਗੇ। ਇਹ ਸੁਣ ਕੇ ਮਲੂਕਾ ਤਾਂ ਵਿਚਾਰਾ ਘਬਰਾ ਗਿਆ। ***(ਮਲੂਕਾ ਹੁਣ ਵੀ ਘਬਰਾਇਆ ਜਿਹਾ ਬੋਲ ਪੈਂਦਾ ਹੈ)***

**ਮਲੂਕਾ** : ਮੈਂ ਕਦੋਂ ਘਬਰਾਇਆ ਸੀ, ਮੈਂ ਤਾਂ ਕਹਿਤਾ ਸੀ, ਬਈ ਮੈਂ ਕਿਸੇ ਦਾ ਕੀ ਮਾੜਾ ਕੀਤੈ।

**ਕਮਲ** : ਬਾਬਾ ਕਹਿੰਦਾ ਮਲੂਕਿਆ ਤੂੰ ਮਾੜਾ ਕੀਤੈ, ਤੂੰ ਪਿਛਲੇ ਜਨਮ 'ਚ ਇਸੇ ਜਨਾਨੀ ਨੂੰ ਧੋਖਾ ਦਿੱਤਾ ਸੀ, ਇਹਦੀ ਘਰਵਾਲੀ ਬਣ ਕੇ ਤੂੰ ਕਿਸੇ ਹੋਰ ਨਾਲ ਨਿਕਲ ਗਈ ਸੀ। ਉਹੀ ਬਦਲਾ ਹੁਣ ਇਹਨੇ ਇਸ ਜਨਮ 'ਚ ਤੇਰੇ ਤੋਂ ਲੈ ਲਿਆ, ਤੇਰੀ ਘਰਵਾਲੀ ਬਣਕੇ।

**ਹਰਮਿੰਦਰ** : ਉਏ ਮਲੂਕਿਆ ਜਦ ਤੂੰ ਨਿਕਲੀ ਸੀ ਤੇਰੇ ਜੁਆਕ ਕਿੰਨੇ ਸੀ? ***(ਦੋਵੇਂ ਹਸਦੇ ਹਨ)***

**ਮਲੂਕਾ** : ਉਹ ਬਾਬਾ ਤਾਂ ਐਂਵੇਂ ਈ ਬੋਲਦਾ ਰਹਿੰਦਾ ਸੀ, ਪਰ ਬਾਬੇ ਭਠਿਆਰੇ ਨੇ ਜਿੰਨਿਆਂ ਦੇ ਵਿਆਹ ਕਰਵਾਏ ਨੇ, ਉਨ੍ਹਾਂ ਵਿਚੋਂ ਕੋਈ ਨੀ ਭੱਜੀ।

**ਹਰਮਿੰਦਰ** : ਮਲੂਕਿਆ ਮੈਂ ਤਾਂ ਤੈਨੂੰ ਇਹੀ ਰਾਇ ਦਿਆਂਗਾ, ਤੂੰ ਇੰਡੀਆ ਜਾ ਕੇ ਕਿਸੇ ਗਰੀਬ ਘਰ ਦੀ ਕੁੜੀ ਨਾਲ ਵਿਆਹ ਕਰਵਾਇਆ, ਚੰਗਾ ਰਹੇਂਗਾ।

ਬਹੁਤੇ ਬਾਬੇ ਇਕੋ ਜਿਹੇ ਹੀ ਹੁੰਦੇ ਹਨ, ਆਹ ਤੇਰੇ ਬਾਬੇ ਭਠਿਆਰੇ ਨੇ ਤਾਂ ਆਪਣੇ ਚੇਲੇ ਦੀ ਘਰਵਾਲੀ 'ਤੇ ਹੀ ਕਬਜ਼ਾ ਜਮ੍ਹਾ ਲਿਆ।

**ਕਮਲ** : ਇਹ ਸਭ ਝੂਠ ਐ, ਤੂੰ ਬਾਬੇ ਭਠਿਆਰੇ ਬਾਰੇ ਸੁਣਿਆ ਨਹੀਂ, ਉਹ ਤਾਂ ਬਹੁਤ ਹੀ ਜਾਣੀ ਜਾਣ ਹੈ, ਬੰਦੇ ਨੂੰ ਬਿਨਾਂ ਪੁੱਛੇ ਹੀ ਉਸਦਾ ਦੁੱਖ ਦੱਸ ਦਿੰਦੇ। ਅੱਜ ਕੱਲ੍ਹ ਅਖਬਾਰਾਂ 'ਚ ਬੜੀ ਹੀ ਚਰਚਾ ਹੈ ਉਸਦੀ। ***(ਹਰਮਿੰਦਰ ਮਜ਼ਾਕ ਉਡਾਉਣ ਦੇ ਮੂਡ 'ਚ ਜਾਪਦਾ ਹੈ)***

**ਹਰਮਿੰਦਰ** : ਬਿਨਾਂ ਪੁੱਛੇ ਦੁੱਖ ਦੱਸ ਦਿੰਦੈ, ਮੈਂ ਨੀ ਮੰਨਦਾ, ਦਾਲ 'ਚ ਕੁਝ ਕਾਲਾ ਕਾਲਾ ਜ਼ਰੂਰ ਐ।

**ਮਲੂਕਾ** : ਐਵੇਂ ਨੀ ਨਿੰਦਿਆ ਕਰੀ ਜਾਈਦੀ, ਕਹਿੰਦੇ ਨੇ ਸਾਧੂ ਦਾ ਕਿਹਾ ਬਿਰਥਾ ਨਾ ਜਾਏ, ਕੋਈ ਸਰਾਪ ਦੇ ਦਿੱਤਾ ਫੇਰ ਪਛਤਾਵੇਂਗਾ। ***(ਹਰਮਿੰਦਰ ਥੋੜਾ ਗੰਭੀਰ ਹੋ ਜਾਂਦਾ ਹੈ)***

**ਹਰਮਿੰਦਰ** : ਬਈ ਜੇ ਆਹ ਗੱਲ ਐ ਫੇਰ ਮੈਂ ਤੇਰੇ ਨਾਲ ਜ਼ਰੂਰ ਜਾਵਾਂਗਾ, ਦੇਖਦੇ ਆਂ ਬਾਬਾ ਕੀ ਜਾਦੂ ਕਰਦੈ।

**ਕਮਲ** : (ਫੋਨ ਦੀ ਬੈੱਲ ਵੱਜਦੀ ਹੈ) ਬਈ ਮੈਂ ਚੱਲਿਆ, ਕੱਲ ਨੂੰ ਮਿਲਾਂਗੇ ਬਾਬਿਆਂ ਦੇ, ਮੇਰੀ ਤਾਂ ਸਾਰੀ ਪੀਤੀ ਲਾਹ ਦਿੱਤੀ ਯਾਰ। ਲੈ ਜਾਂਦਾ ਜਾਂਦਾ ਇਕ ਪੈੱਗ ਹੋਰ ਲਾ ਲਵਾਂ। ***(ਫੋਨ 'ਤੇ ਗੱਲ ਕਰਦਾ ਹੈ)*** ਬੱਸ ਹੁਣੇ ਹੀ ਆਇਆਂ, ਕਹਿ ਤਾਂ ਦਿੱਤਾ ਹੁਣੇ ਆਉਣਾ ***(ਕਹਿ ਕੇ ਫੋਨ ਜੇਬ 'ਚ ਪਾਉਂਦਾ ਹੈ ਫਿਰ ਕਮਲ ਛੇਤੀ ਨਾਲ ਪੈੱਗ ਪਾਉਂਦਾ ਹੈ ਤੇ ਪੀਣ ਲੱਗਦਾ ਹੈ)***

**ਹਰਮਿੰਦਰ** : ਓਏ ਇਹਦੇ ਵਿਚ ਪਾਣੀ ਤਾਂ ਪਾ ਲੈ ਪਤੰਦਰਾ।

**ਕਮਲ** : ਓਏ ਯਾਰ ਆਹ ਕੀ ਗੱਲ ਕਰ ਦਿੱਤੀ ਤੂੰ ਹਰਮਿੰਦਰਾ ਐਨਾ ਕੁ ਪਾਣੀ ਤਾਂ ਇਹਨੂੰ ਦੇਖ ਕੇ ਮੇਰੇ ਮੂੰਹ 'ਚ ਪਹਿਲਾਂ ਹੀ ਆ ਜਾਂਦਾ ਏ। ***(ਕਮਲ ਤੇਜ਼ੀ ਨਾਲ ਪੈੱਗ ਪੀ ਕੇ ਉੱਠਦਾ ਹੈ)***

**ਹਰਮਿੰਦਰ** : ਬੜਾ ਡਰਿਐਂ, ਜਿਵੇਂ ਬਾਬੇ ਦਾ ਭੂਤ ਫੋਨ 'ਚ ਆ ਵੜਿਆ ਹੋਵੇ।

**ਕਮਲ** : ਮੈਂ ਭੂਤ ਤੋਂ ਓਨਾ ਨਹੀਂ ਡਰਦਾ, ਜਿੰਨਾ ਬੌਸ ਤੋਂ ਡਰਦਾਂ ਓ ਕੇ ਫਿਰ, ਬਾਏ ਬਾਏ ***(ਕਮਲ ਬਾਹਰ ਜਾਣ ਲੱਗਦਾ ਹੈ)***

**ਹਰਮਿੰਦਰ** : ***(ਕਮਲ ਨੂੰ)*** ਦਾਰੂ ਪੀਤੀ ਹੋਈ ਐ, ਹੁਣ ਗੱਡੀ ਨਾ ਚਲਾਈਂ। ***(ਕਮਲ ਵੱਲ ਦੇਖ ਕੇ)***

**ਕਮਲ** : ਘਰ ਵਾਲੀ ਦਰਾਂ ਮੂਹਰੇ ਖੜ੍ਹੀ ਐ ਗੱਡੀ ਲਈ।

*(ਹੱਸਦਾ ਹੈ ਤੇ ਤੇਜ਼ੀ ਨਾਲ ਚਲਾ ਜਾਂਦਾ ਹੈ। ਹਰਮਿੰਦਰ ਮਲੂਕੇ ਨੂੰ ਸੰਬੋਧਿਤ ਹੈ)*

**ਹਰਮਿੰਦਰ** : ਮਲੂਕਿਆ, ਯਾਰ ਇਕ ਗੱਲ ਪੁੱਛਾਂ?

**ਮਲੂਕਾ** : ਪੁੱਛ।

**ਹਰਮਿੰਦਰ** : ਕਦੀ ਕਦਾਈਂ ਘਰਵਾਲੀ ਦੀ ਯਾਦ ਤਾਂ ਜ਼ਰੂਰ ਆਉਂਦੀ ਹੋਣੀ ਐਂ।

**ਮਲੂਕਾ** : *(ਚੁੱਪ ਹੋ ਜਾਂਦਾ ਹੈ)*

**ਹਰਮਿੰਦਰ** : ਮਲੂਕਿਆ ਲਗਦੈ ਮੈਂ ਤੇਰੀ ਦੁੱਖਦੀ ਰਗ 'ਤੇ ਹੱਥ ਰੱਖ ਦਿੱਤਾ ਹੈ, ਸੌਰੀ ਯਾਰ, ਮੈਂ ਚਲਦਾ ਫੇਰ। *(ਉੱਠਣ ਲੱਗਦਾ ਹੈ)*

**ਮਲੂਕਾ** : ਮੈਂ ਛੱਡ ਕੇ ਆਵਾਂ?

**ਹਰਮਿੰਦਰ** : ਤੁਰਕੇ ਜਾਣ ਨੂੰ ਦੋ ਮਿੰਟ ਨੀ ਲੱਗਣੇ... ਅੱਛਾ ਮੈਂ ਚੱਲਦਾਂ। ਕੱਲ੍ਹ ਮਿਲਾਂਗੇ।

*(ਹਰਮਿੰਦਰ ਉੱਠ ਕੇ ਚਲਾ ਜਾਂਦਾ ਹੈ ਤਾਂ ਇਕੱਲਾ ਮਲੂਕਾ ਉਦਾਸ ਹੋ ਜਾਂਦਾ ਹੈ, ਉਹ ਇਸੇ ਮਨੋਸਥਿਤੀ ਵਿਚ ਆਪਣੇ ਆਪ ਨਾਲ ਗੱਲਾਂ ਕਰਨ ਵਾਂਗ ਇਕ ਗੀਤ ਜਿਹਾ ਗਾਉਣ ਲੱਗ ਪੈਂਦਾ ਹੈ)*

**ਮਲੂਕਾ** : ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ
ਵਿਹਲ ਜਦ ਵੀ ਮਿਲੀ ਏ ਫਰਜ਼ਾਂ ਤੋਂ... ਦਿਨ ਦਿਹਾੜੇ ਸ਼ਰਾਬ ਲੈ ਬੈਠਾ
ਮੈਨੂੰ ਤੇਰਾ ਸ਼ਬਾਬ .....................

*(ਫੇਡ ਆਊਟ ਹੁੰਦਾ ਹੈ)*

## ਸੀਨ ਤੀਜਾ

***(ਬਾਬਾ ਭਠਿਆਰੇ ਦੀ ਚੇਲੀ ਗੁਰਮੀਤ ਕੌਰ ਦਾ ਘਰ, ਲਾਬੀ/ਲਿਵਿੰਗ ਰੂਮ ਵਿਚ ਇਕ ਪਾਸੇ ਗੁਰਮੀਤ ਕੌਰ ਸੋਫੇ 'ਤੇ ਬੈਠੀ ਇਕ ਔਰਤ ਨਾਲ ਗੱਲ ਕਰ ਰਹੀ ਹੈ। ਉਸ ਪਾਸ ਮੁੰਦਰੀਆਂ ਵਾਲਾ ਬਕਸਾ ਤੇ ਕੁਝ ਸਲਿੱਪਾਂ ਹਨ। ਚੇਲੇ ਆਪਣੇ ਕੰਮਾਂ 'ਚ ਰੁੱਝੇ ਆਸਣ ਆਦਿ ਦੀ ਤਿਆਰੀ ਕਰ ਰਹੇ ਹਨ। ਦ੍ਰਿਸ ਅਨੁਕੂਲ ਸੰਗੀਤ ਚੱਲ ਰਿਹਾ ਹੈ)***

***ਗੀਤ*** : *ਦੁਨੀਆਂ ਫਿਰਦੀ ਮਾਰੀ ਮਾਰੀ, ਨੰਬਰ ਬਿਨ ਨੀ ਮਿਲਦੀ ਵਾਰੀ*

*ਹਰੇ ਭਰੇ ਰੁੱਖ ਕਰਤੇ, ਜੀਹਦੇ ਸੀ ਪੱਤੇ ਕੁਮਲਾਏ ਬਈ, ਭਠਿਆਰਾਂ ਵਾਲੇ ਬਾਬਾ ਜੀ*

*ਦੁੱਖ ਕੱਟਣ ਲਈ ਆਏ ਬਈ ਭਠਿਆਰਾਂ ਵਾਲੇ ਬਾਬਾ ਜੀ*

*ਜੀਹਨੂੰ ਬਾਬਾ ਚਰਨੀਂ ਲਾਏ, ਜੂਨ ਚੁਰਾਸੀ ਕੱਟੀ ਜਾਏ*

*ਇੰਡੀਆ ਤਾਰੀ ਸਾਰੀ, ਹੁਣ ਕੈਨੇਡਾ ਵੱਲ ਸਿਧਾਏ ਬਈ... ਭਠਿਆਰਾਂ ਵਾਲੇ ਬਾਬਾ ਜੀ*

*ਦੁੱਖ ਕੱਟਣ ਲਈ ਆਏ ਬਈ, ਭਠਿਆਰਾਂ ਵਾਲੇ ਬਾਬਾ ਜੀ*

***(ਇਸ ਗੀਤ ਸੰਗੀਤ ਦੇ ਦੌਰਾਨ ਹੀ ਕੁਝ ਔਰਤਾਂ ਵਾਲ ਖਿੰਡਾ ਕੇ ਸਿਰ ਹਿਲਾ ਰਹੀਆਂ ਹਨ। ਹਰਮਿੰਦਰ ਸਿੰਘ, ਕਮਲ ਤੇ ਮਲੂਕਾ ਵੀ ਪ੍ਰਵੇਸ਼ ਕਰਦੇ ਹਨ। ਕਰਮ ਸਿੰਘ ਤੇ ਰੂਬੀ ਅਤੇ ਕੁਝ ਔਰਤਾਂ ਪਹਿਲਾਂ ਹੀ ਬੈਠੀਆਂ ਹਨ। ਕਿਰਨ ਤੇ ਸ਼ਰਨ ਵੀ ਆ ਕੇ ਇਕ ਕੋਨੇ 'ਚ ਬੈਠ ਜਾਂਦੀਆਂ ਹਨ। ਅਚਾਨਕ ਸੰਗੀਤ ਬੰਦ ਹੋ ਜਾਂਦਾ ਹੈ। ਚੇਲਾ ਸੰਬੋਧਨ ਕਰਦਾ ਹੈ)***

**ਚੇਲਾ** : ਬੋਲੋ ਕਰਨੀ ਵਾਲੇ ਜਾਣੀ ਜਾਣ ਬਾਬਿਆਂ ਦੀ ਜੈ

***(ਸਾਰੇ ਜੈ ਬੁਲਾਉਂਦੇ ਹਨ)***

ਬੋਲੋ ਅੰਤਰਯਾਮੀ, ਬ੍ਰਹਮ ਗਿਆਨੀ ਬਾਬਿਆਂ ਦੀ ਜੈ

***(ਸਾਰੇ ਫਿਰ ਜੈ ਬੁਲਾਉਂਦੇ ਹਨ)***

***(ਇਸੇ ਦੌਰਾਨ ਮਲੂਕਾ ਅੰਦਰ ਵੱਲ ਜਾਣ ਲੱਗਦਾ ਹੈ। ਚੇਲਾ ਰੋਕਦਾ ਹੈ, ਮਲੂਕੇ ਨੂੰ ਆਖਦਾ ਹੈ)***

**ਚੇਲਾ** : ਰੁੱਕ... ਰੁੱਕ ਭਗਤਾ ਰੁੱਕ ***(ਮਲੂਕਾ ਰੁਕ ਜਾਂਦਾ ਹੈ)*** ਕਿੱਧਰ ਨੂੰ ਮੂੰਹ ਚੁੱਕਿਐ? ਬਾਬੇ ਜਾਪ ਕਰ ਰਹੇ ਨੇ ਹੇਠਾਂ ਬੇਸਮੈਂਟ 'ਚ... ਅੱਗੇ ਨੀ ਜਾਣਾ।

**ਮਲੂਕਾ** : ਅਸੀਂ ਬਾਬਾ ਜੀ ਨੂੰ ਮਿਲਣ ਆਏ ਆਂ। ਫੋਨ 'ਤੇ ਬੁਕਿੰਗ ਕਰਵਾਈ ਐ...

**ਚੇਲਾ :** ਬੱਲੇ ਉਏ ਮਾਂ ਦਿਆ ਸ਼ੇਰਾ, ਡਾਇਰੈਕਟ ਐਂਟਰੀ ਮਾਰਨ ਨੂੰ ਫਿਰਦੈਂ...? ... ਐਨਾ ਸਸਤਾ ਨੀ ਬਾਬਾ ਜੀ ਨੂੰ ਮਿਲਣਾ। ਪਹਿਲਾਂ ਪੇਮੈਂਟ ਕਰਕੇ, ਮਤਲਬ ਕਿ ਫੀਸ ਭਰ ਕੇ ਯਾਨੀ ਦਕਸ਼ਣਾ ਦੇ ਕੇ ਨੰਬਰ ਲੈ ਕੇ ਆਓ ***(ਗੁਰਮੀਤ ਕੌਰ ਵੱਲ ਇਸ਼ਾਰਾ ਕਰਕੇ)*** ਔਹ ਬੈਠੀ ਐ ਭਗਤਣੀ ਗੁਰਮੀਤ ਕੌਰ ਟੂ ਜ਼ੀਰੋ ਜ਼ੀਰੋ ਸੈਵਨ ***(ਗੁਰਮੀਤ ਕੌਰ ਉਧਰ ਦੇਖਦੀ ਹੈ, ਮੁਸਕਰਾਉਂਦੀ ਹੈ ਤੇ ਆਪਣੇ ਸਾਹਮਣੇ ਨੰਬਰ ਲੈਣ ਲਈ ਖੜ੍ਹੀ ਔਰਤ ਤੋਂ ਡਾਲਰ ਪਕੜ ਕੇ ਪਰਸ 'ਚ ਰੱਖਦਿਆਂ ਮੁੰਦਰੀ ਪਕੜਾਉਂਦੀ ਹੈ)***

**ਗੁਰਮੀਤੋ :** ***(ਲਾਈਨ 'ਚ ਖੜ੍ਹੀ ਜਨਾਨੀ ਨੂੰ ਪੁੱਛਦੀ ਏ)*** ਮੁੰਡਾ ਲੈਣ ਆਈਂ ਐਂ ਬਾਬਿਆਂ ਤੋਂ, ਆਹ ਫੜ ਮੁੰਦਰੀ, ਪਾ ਕੇ ਹੀ ਜਾਣਾ ਬਾਬਿਆਂ ਅੱਗੇ। ਦੱਕਸ਼ਣਾ ਦਿੰਦੀ ਜਾਹ, ਤੇਰਾ ਨੰਬਰ ਦੋ ਆ ਯਾਦ ਰੱਖੀਂ।

**ਮਲੂਕਾ :** ***(ਗੁਰਮੀਤ ਕੌਰ ਪਾਸ ਆ ਕੇ)*** ਭੈਣ ਜੀ ਮੈਂ ਕੱਲ ਤੁਹਾਡੇ ਨਾਲ ਫੋਨ 'ਤੇ ਗੱਲ ਕੀਤੀ ਸੀ।

**ਗੁਰਮੀਤੋ :** ਅੱਛਾ! ਅੱਛਾ! ਤੂੰ ਮਲੂਕਾ ਐਂ, ਵਿਆਹ ਬਾਰੇ ਪੁੱਛਣ ਆਇਐ, ਤੇਰਾ ਨੰਬਰ ਤਿੰਨ ਹੈ। ***(ਹਰਮਿੰਦਰ ਤੇ ਕਮਲ ਪਾਸੇ ਖੜ੍ਹੇ ਸਭ ਦੇਖ ਰਹੇ ਹਨ)***

**ਹਰਮਿੰਦਰ :** ***(ਮੁਸਕਰਾਉਂਦਿਆਂ)*** ਕਮਲ ਮੈਨੂੰ ਪਤਾ ਲੱਗ ਗਿਐ ਤੇਰੇ ਬਾਬੇ ਦੇ ਟਰਿੱਕ ਦਾ, ਜਿਹੜਾ ਨੰਬਰ ਇਹ ਜਨਾਨੀ ਬੋਲਦੀ ਹੈ, ਉਹ ਕੁਝ ਬਾਬਾ ਕਾਲਰ ਮਾਈਕ ਰਾਹੀਂ ਸੁਣ ਲੈਂਦਾ ਹੈ।

**ਮਲੂਕਾ :** ਹਰਮਿੰਦਰਾ, ਅੱਜ ਤੂੰ ਕੋਈ ਗੜਬੜ ਨਾ ਕਰਦੀਂ, ਸਾਡਾ ਕੰਮ ਬਣ ਲੈਣ ਦੇ। ***(ਮਿਊਜ਼ਿਕ ਫਿਰ ਸ਼ੁਰੂ ਹੋ ਜਾਂਦਾ ਹੈ, ਸਿਰ ਹਿਲਾਉਂਦਾ ਬਾਬਾ ਬੇਸਮਿੰਟ 'ਚੋਂ ਆਉਂਦਾ ਹੈ ਤੇ ਆ ਕੇ ਆਪਣੇ ਆਸਣ 'ਤੇ ਬਿਰਾਜਮਾਨ ਹੋ ਜਾਂਦਾ ਹੈ)***

**ਚੇਲਾ :** ਬਾਬਾ ਜੀ ਵਿਚ ਦੇਵੀ ਪਰਵੇਸ਼ ਕਰ ਚੁੱਕੀ ਹੈ ਭਾਈ, ਜੋ ਕੁਝ ਪੁੱਛਣੈ ਆਪਣੇ ਆਪਣੇ ਨੰਬਰ ਮੁਤਾਬਕ ਪੁੱਛਦੇ ਜਾਉ, ਪਹਿਲਾਂ ਆਹ ਬੀਬੀ ਨੂੰ ਆਉਣ ਦਿਉ, ਇਹਨਾਂ ਦੇ ਨਾਲ ਕੌਣ ਹੈ ਉਹ ਵੀ ਆ ਜਾਵੇ।

**ਕਰਮ ਸਿੰਘ :** ਬਾਬਾ ਜੀ ਅਸੀਂ ਬਹੁਤ ਮੁਸ਼ਕਲ ਵਿਚ ਹਾਂ, ਇਹਦਾ ਕੋਈ ਹੱਲ ਕਰੋ, ***(ਕਰਮ ਉੱਠ ਕੇ ਅੱਗੇ ਆਉਂਦਾ ਹੈ)*** ਇਹਦੇ 'ਚ ਗੋਰੀ ਦੀ ਰੂਹ ਬੋਲਦੀ ਰਹਿੰਦੀ ਹੈ।

**ਬਾਬਾ :** ਇਹ ਗੋਰਿਆਂ ਦੇ ਕੀ ਕਰਨ ਗਈ ਸੀ?

**ਕਰਮ ਸਿੰਘ :** ਬਾਬਾ ਜੀ ਅਸੀਂ ਗੋਰਿਆਂ ਦਾ ਘਰ ਖਰੀਦਿਆ ਸੀ, ਉਸ ਘਰ 'ਚ ਪਹਿਲਾਂ ਇਕ ਗੋਰੀ ਦਾ ਕਤਲ ਹੋ ਗਿਆ ਸੀ। ਸਾਡੇ ਘਰ ਲੈਣ ਤੋਂ ਥੋੜ੍ਹੀ ਦੇਰ ਬਾਅਦ ਹੀ ਮੇਰੀ ਜੌਬ ਚਲੀ ਗਈ, ਘਰ ਦੀਆਂ ਕਿਸ਼ਤਾਂ ਨੀ ਦੇ ਹੁੰਦੀਆਂ,

ਉਧਰ ਬੈਂਕ ਵਾਲੇ ਤੰਗ ਕਰਦੇ ਨੇ।

**ਚੇਲਾ** : ਏਧਰ ਗੋਰੀ ਤੰਗ ਕਰਦੀ ਐ। ***(ਰੂਬੀ ਅਚਾਨਕ ਕਸਰ ਹੋਣ ਵਾਲਿਆਂ ਵਾਂਗ ਬੋਲਣ ਲੱਗ ਪੈਂਦੀ ਹੈ)***

**ਰੂਬੀ** : ਮੈਂ ਦੇਖਦੀ ਆਂ, ਹੁਣ ਤੂੰ ਕਿਵੇਂ ਬੁਲਾਵੇਂਗੀ ਆਪਣੇ ਮਾਪਿਆਂ ਨੂੰ ਇੰਡੀਆ ਤੋਂ। ***(ਜ਼ੋਰ ਜ਼ੋਰ ਨਾਲ ਸਿਰ ਹਿਲਾਉਂਦੀ ਹੈ)***

**ਕਰਮ ਸਿੰਘ** : ਉਹ ਤੂੰ ਚੁੱਪ ਰਹਿ।

**ਰੂਬੀ** : ਯੂ ਗੋ ਬਾਸਟਰਡ ***(ਰੂਬੀ ਕਰਮ ਸਿੰਘ ਨੂੰ ਧੱਕਾ ਮਾਰਦੀ ਹੈ, ਕ੍ਰੋਧਿਤ ਬਾਬੇ ਬੋਲਦੇ ਹਨ)***

**ਬਾਬਾ** : ਭੂਤਨੀਏ, ਤੇਰਾ ਇਲਾਜ ਤਾਂ ਮੈਂ ਕਰੂੰ ***(ਚਿਮਟਾ ਚੁੱਕਦਾ ਹੈ)***। ਲੈ ਜਾਉ ਇਸ ਨੂੰ ਮੇਰੀ ਗੁਫਾ 'ਚ।

**ਚੇਲਾ** : ਮਤਲਬ ਬੇਸਮੈਂਟ 'ਚ।

**ਬਾਬਾ** : ਇਹਨੂੰ ਦੋ ਦਿਨ ਉਥੇ ਰੱਖੋ, ਮੈਂ ਇਹਦੇ ਭੂਤ ਨੂੰ ਕੁੱਜੇ 'ਚ ਬੰਦ ਕਰ ਦਿਆਂਗਾ।

**ਕਰਮ ਸਿੰਘ** : ਬਾਬਾ ਜੀ ਮੇਰਾ ਕੀ ਬਣੂੰ।

**ਬਾਬਾ** : ਤੂੰ ਦੋ ਦਿਨਾਂ ਬਾਅਦ ਆ ਕੇ ਕੁੱਜੇ ਵਾਲੇ ਭੂਤ ਨੂੰ, ਤੇ ਆਪ ਦੀ ਘਰਵਾਲੀ ਨੂੰ ਲੈ ਜਾਵੀਂ। ***(ਕਰਮ ਸਿੰਘ ਹੱਕਾ-ਬੱਕਾ ਦੇਖਦਾ ਹੈ, ਚੇਲਾ ਰੂਬੀ ਨੂੰ ਧੂਹ ਕੇ ਲੈ ਜਾਂਦਾ ਹੈ)***

***(ਇਸੇ ਦੌਰਾਨ ਹਰਮਿੰਦਰ ਇਕ ਜਨਾਨੀ ਨੂੰ ਇਸ਼ਾਰੇ ਨਾਲ ਉਠਾ ਕੇ ਪਰੇ ਲੈ ਕੇ ਜਾਂਦਾ ਹੈ, ਜਿਸਦਾ ਨੰਬਰ 2 ਹੈ)*** ਭੈਣ ਜੀ ਤੁਹਾਨੂੰ ਗੁਰਮੀਤੋ ਨੇ ਬੁਲਾਇਆ। ***(ਮਲੂਕੇ ਕੋਲ ਆ ਕੇ ਬੋਲਦਾ ਹੈ)*** ਚੱਲ ਤੇਰਾ ਨੰਬਰ ਆ ਗਿਆ।

**ਮਲੂਕਾ** : ਮੇਰਾ ਨਹੀਂ ਹੈ।

**ਹਰਮਿੰਦਰ** : ਛੇਤੀ ਉੱਠ ਨੰਬਰ ਤੇਰਾ ਹੈ।

***(ਮਲੂਕਾ ਜਾ ਕੇ ਅੱਖਾਂ ਮੀਚੀ ਬੈਠੇ ਬਾਬੇ ਦੇ ਪੈਰੀਂ ਹੱਥ ਲਾਉਂਦਾ ਹੈ)***

**ਬਾਬਾ** : ਮੁੰਡਾ ਲੈਣ ਆਈ ਐਂ ਬਾਬਿਆਂ ਤੋਂ, ਮਿੰਦਰੋ ਮੁੰਡੇ ਏਨੀ ਛੇਤੀ ਨੀ ਮਿਲਦੇ, ਤਿੰਨ ਚੌਂਕੀਆਂ ਹੋਰ ਭਰਨੀਆਂ ਪੈਣੀਆਂ ਨੇ, ਬੋਲ ਭਰੇਗੀ, ਬੋਲ ***(ਚਿਮਟਾ ਚੁੱਕ ਲੈਂਦਾ ਹੈ)***

**ਮਲੂਕਾ** : ਬਾਬਾ ਜੀ ਮੈਂ ਤਾਂ ਮਲੂਕਾ ਆਂ, ਵਿਆਹ ਬਾਰੇ ਪੁੱਛਣ ਆਇਆ ਸੀ।

**ਬਾਬਾ** : ਔ ਲੱਖ!

**ਚੇਲਾ** : ***(ਭੱਜ ਕੇ ਆਉਂਦਾ ਹੈ)*** ਉਏ ਤੂੰ ਸਭ ਕੁਝ ਗੜਬੜ ਕਰ ਦਿੱਤਾ, ***(ਬਾਬੇ ਨੂੰ)***

ਬਾਬਾ ਜੀ ਇਹ ਗਲਤ ਨੰਬਰ 'ਤੇ ਆ ਗਿਆ। ਇਹਦੇ 'ਚ ਭੂਤ ਆਏ ਹੋਏ ਨੇ, ਕਰੋ ਇਹਨੂੰ ਠੀਕ।

**ਬਾਬਾ** : *(ਮਲੂਕੇ ਨੂੰ ਮਾਰਨ ਲੱਗਦਾ ਹੈ)* ਊਏ ਤੂੰ ਬਾਬਿਆਂ ਨਾਲ ਮਸ਼ਕਰੀਆਂ ਕਰਦੈ। *(ਮਲੂਕਾ ਮਸੀਂ ਬਚਦਾ ਹੈ। ਮਲੂਕਾ ਹਰਮਿੰਦਰ ਕੋਲ ਆਉਂਦਾ ਹੈ)*

**ਮਲੂਕਾ** : ਤੇਰੀ ਵਜ੍ਹਾ ਨਾਲ ਹੋਇਆ ਇਹ ਕੰਮ। *(ਕਮਲ ਤੇ ਹਰਮਿੰਦਰ ਦੋਵੇਂ ਹੱਸਦੇ ਹਨ ਤੇ ਇਕ ਪਾਸੇ ਖੜ੍ਹੇ ਹੋ ਜਾਂਦੇ ਹਨ) (ਮਲੂਕਾ ਖਿੱਝ ਕੇ ਮੁੜਦਾ ਹੈ)*

**ਚੇਲਾ** : ਅਗਲੇ ਨੰਬਰ ਵਾਲਾ ਆਉ ਭਾਈ।

*(ਸ਼ਰਨ ਤੇ ਕਿਰਨ ਦੋਵੇਂ ਅੱਗੇ ਆਉਂਦੀਆਂ ਹਨ)*

*(ਸ਼ਰਨ ਜਾ ਕੇ ਬਾਬੇ ਦੇ ਪੈਰਾਂ ਹੱਥ ਲਾਉਂਦੀ ਹੈ)*

**ਬਾਬਾ** : ਆ ਗਈ ਸਮਝ ਕਿ ਬਾਬਿਆਂ ਦੀ ਸੇਵਾ ਕਿਵੇਂ ਕਰੀਦੀ ਹੈ, ਅੱਜ ਤੇਰੇ ਵਿਚਲੀ ਸ਼ੈਅ ਨਿਕਲ ਜਾਵੇਗੀ। ਮੈਂ ਉਸਨੂੰ ਇਸ ਕੁੱਜੇ ਵਿਚ ਬੰਦ ਕਰ ਦਿਆਂਗਾ। ਸ਼ੈਅ ਆਪ ਬੋਲੇਗੀ, ਬੋਲ! ਬੋਲ! *(ਚਿਮਟਾ ਚੁੱਕ ਲੈਂਦਾ ਹੈ)*

**ਸ਼ਰਨ** : ਬਾਬਾ ਜੀ ਮੈਂ ਤਾਂ ਸ਼ਰਨ ਆਂ, ਮੇਰੀ ਬੇਟੀ ਬਿਮਾਰ ਹੈ।

**ਬਾਬਾ** : ਆਦਮਖੋਰ ਤੂੰ ਅੱਗੇ ਕੀ ਕਰਨ ਲਈ ਬੈਠੀ ਐਂ, ਮਰੀਜ਼ ਨੂੰ ਅੱਗੇ ਬਿਠਾ।

*(ਸ਼ਰਨ ਬੇਟੀ ਨੂੰ ਫੜ ਕੇ ਅੱਗੇ ਨੂੰ ਕਰਦੀ ਹੈ, ਪਰ ਕਿਰਨ ਅੱਗੇ ਆਉਣ ਤੋਂ ਨਾਂਹ ਕਰ ਦਿੰਦੀ ਹੈ। ਬਾਬਾ ਕਿਰਨ ਨੂੰ ਬਾਂਹ ਤੋਂ ਫੜ ਕੇ ਅੱਗੇ ਨੂੰ ਖਿੱਚਦਾ ਹੈ। ਕਿਰਨ ਖਿਝ ਕੇ ਪੋਲਾ ਜਿਹਾ ਹੱਥ ਬਾਬੇ ਦੇ ਹੱਥਾਂ 'ਤੇ ਮਾਰ ਦਿੰਦੀ ਹੈ)*

**ਬਾਬਾ** : ਤੇਰੀਆਂ ਭੂਤਾਂ ਅਜੇ ਨਿਕਲੀਆਂ ਨਹੀਂ *(ਕਿਰਨ ਨੂੰ ਵਾਲਾਂ ਤੋਂ ਫੜ ਲੈਂਦਾ ਹੈ)* ਕਿਰਨ ਉੱਚੀ ਉੱਚੀ ਚੀਕਾਂ ਮਾਰਦੀ ਹੈ। ਮਾਰ ਕੁੱਟ ਦਾ ਮਾਹੌਲ ਚੱਲ ਰਿਹਾ ਹੈ ਕਿ ਪ੍ਰਨੀਤ ਵੀ ਉਥੇ ਆ ਜਾਂਦੀ ਹੈ, ਆਉਂਦਿਆਂ ਹੀ ਬੋਲਦੀ ਹੈ।

**ਪ੍ਰਨੀਤ** : ਵਟ ਦਾ ਹੈਲ ਇਜ਼ ਗੋਇੰਗ ਆਨ। *(ਸ਼ਰਨ ਉੱਠ ਕੇ ਉਸਨੂੰ ਰੋਕਦੀ ਹੈ)*

**ਸ਼ਰਨ** : ਤੂੰ ਚੁੱਪ ਕਰ, ਬਾਬਾ ਜੀ ਨਾਰਾਜ਼ ਹੋ ਜਾਣਗੇ।

**ਪ੍ਰਨੀਤ** : ਲੀਵ ਹਰ ਅਲੋਨ *(ਬਾਬੇ ਦੇ ਹੱਥ ਵਾਲਾਂ ਤੋਂ ਛੁਡਾਉਣ ਦੀ ਕੋਸ਼ਿਸ਼ ਕਰਦੀ ਹੈ। ਪ੍ਰਨੀਤ ਬਾਬੇ ਦੇ ਮੂੰਹ 'ਤੇ ਮੁੱਕਾ ਮਾਰ ਦਿੰਦੀ ਹੈ। ਬਾਬਾ ਉੱਠਦਾ ਹੈ, ਚਿਮਟਾ ਚੁੱਕ ਕੇ ਪ੍ਰਨੀਤ ਨੂੰ ਡਰਾਉਣ ਦੀ ਕੋਸ਼ਿਸ਼ ਕਰਦਾ ਹੈ, ਉੱਚੇ ਉੱਚੇ ਛੜਪੇ ਮਾਰਦਾ ਹੈ। ਪ੍ਰਨੀਤ ਬਾਬੇ ਦੇ ਇਕ ਹੋਰ ਲੱਤ ਮਾਰ ਦਿੰਦੀ ਹੈ। ਹੋਰ ਲੋਕ ਵੀ ਬਾਬੇ ਨੂੰ ਮਾਰਨ ਲੱਗ ਪੈਂਦੇ ਹਨ। ਬਾਬਾ ਤੇ ਚੇਲਾ ਉੱਠ ਕੇ ਭੱਜ ਜਾਂਦੇ ਹਨ, ਹਰਮਿੰਦਰ, ਕਮਲ, ਮਲੂਕਾ ਆਦਿ ਉਸ ਦੇ ਪਿੱਛੇ ਜਾਂਦੇ ਹਨ)*

**ਪ੍ਰਨੀਤ** : ਨਾਲੇ ਲੋਕਾਂ ਤੋਂ ਡਾਲਰ ਲੁੱਟਦੇ ਨੇ, ਨਾਲੇ ਲੋਕਾਂ ਨੂੰ ਕੁੱਟਦੇ ਨੇ, ਮੈਂ ਕਰਦੀ

ਆਂ ਹੁਣੇ ਪੁਲਿਸ ਨੂੰ ਫੋਨ।

**ਗੁਰਮੀਤੋ** : ਨਾਂਹ! ਨਾਂਹ! ਪੁਲਿਸ ਨੂੰ ਫੋਨ ਨਾ ਕਰੀਂ, ਭੈਣ ਜੀ ਸਮਝਾਉ ਕੁੜੀ ਨੂੰ, ਮੈਂ ਤੇਰੇ ਪੈਰ ਫੜਦੀ ਆਂ।

**ਸ਼ਰਨ** : ਠੱਗਣੀਏ! ਪਹਿਲਾਂ ਮੇਰੇ ਸਾਢੇ ਬਾਰਾਂ ਸੋ ਡਾਲਰ ਮੋੜ, ਨਹੀਂ ਤਾਂ ਪੁਲਿਸ ਜ਼ਰੂਰ ਆਵੇਗੀ।

**ਗੁਰਮੀਤੋ** : ਭੈਣ ਜੀ ਹੁਣੇ ਲੈ ਕੇ ਆਈ।

***(ਹਰਮਿੰਦਰ, ਕਮਲ, ਮਲੂਕਾ ਤੇ ਕੁਝ ਹੋਰ ਬੰਦੇ ਬਾਬੇ ਤੇ ਚੇਲੇ ਨੂੰ ਫੜ ਕੇ ਅੰਦਰ ਲੈ ਕੇ ਆਉਂਦੇ ਹਨ, ਗੁਰਮੀਤੋ ਵੀ ਅੰਦਰ ਆ ਜਾਂਦੀ ਹੈ)***

**ਹਰਮਿੰਦਰ** : ਠੱਗੋ ਹੁਣ ਦਿਖਾਉ ਆਪਣੀ ਕਰਾਮਾਤ।

***(ਬਾਬਾ, ਚੇਲਾ ਤੇ ਗੁਰਮੀਤੋ ਹੱਥ ਜੋੜ ਲੈਂਦੇ ਹਨ)***

**ਬਾਬਾ** : ਸਾਡੇ ਕੋਲ ਕੋਈ ਕਰਾਮਾਤ ਨਹੀਂ ਹੈ, ਅਸੀਂ ਤਾਂ ਪੈਸੇ ਕਮਾਉਣ ਲਈ ਸੌਖਾ ਜਿਹਾ ਕੰਮ ਲੱਭਿਆ ਸੀ, ਮਾਫ ਕਰ ਦਿਉ ਅੱਜ ਤੋਂ ਨਹੀਂ ਕਰਦੇ।

**ਪ੍ਰਨੀਤ** : ***(ਹਾਜ਼ਰ ਲੋਕਾਂ ਨੂੰ ਸੰਬੋਧਿਤ ਹੋ ਕੇ)*** ਅੰਧ ਵਿਸ਼ਵਾਸ ਦੇ ਚੱਕਰ 'ਚ ਫਸੇ ਲੋਕੋ, ਇਹ ਸਾਧ, ਬਾਬੇ, ਜੋਤਸ਼ੀ, ਸਿਆਣੇ ਤੁਹਾਡੀ ਕਿਸੇ ਸਮੱਸਿਆ ਦਾ ਹੱਲ ਨਹੀਂ, ਇਹ ਤਾਂ ਸਗੋਂ ਆਪ ਇਕ ਸਮੱਸਿਆ ਬਣੇ ਹੋਏ ਨੇ, ਪੂਰੇ ਸਮਾਜ ਲਈ। ਇਹ ਤਾਂ ਸਗੋਂ ਦੁਖੀਆਂ ਨੂੰ ਲੁੱਟਦੇ ਤੇ ਕੁੱਟਦੇ ਨੇ। ਆਪਣੀਆਂ ਮੁਸ਼ਕਲਾਂ, ਆਪਣੇ ਦੁੱਖਾਂ ਦਾ ਹੱਲ ਤੁਸੀਂ ਆਪ ਕਰਨਾ ਹੈ। ਆਓ ਤਰਕਸ਼ੀਲ ਸੋਚ 'ਤੇ ਆਧਾਰਿਤ ਨਵੇਂ ਸਮਾਜ ਦੀ ਸਿਰਜਣਾ ਲਈ ਅੱਗੇ ਆਈਏ– ਆਓ ਮੇਰੇ ਨਾਲ ਗਾਓ–

***(ਪ੍ਰਨੀਤ ਇਕ ਗੀਤ ਬੋਲਦੀ ਹੈ - ਹਾਜ਼ਰ ਪਾਤਰ ਤੇ ਦਰਸ਼ਕ ਵੀ ਸਾਥ ਦਿੰਦੇ ਹਨ- ਬਾਬੇ ਕੰਨ ਪਕੜੀਂ ਖੜ੍ਹੇ ਹਨ)***

**ਪ੍ਰਨੀਤ ਦਾ ਗੀਤ** :

*ਨਵੇਂ ਯੁੱਗ ਦੀ ਬਾਤ ਨਵੀਂ ਹੈ – ਮਾਨਵ ਨੂੰ ਸੌਗਾਤ ਨਵੀਂ ਹੈ*
*ਤਰਕਸ਼ੀਲਤਾ ਮੂਹਰੇ ਅੰਧ ਵਿਸ਼ਵਾਸ ਚੁਫੇਰੇ ਹਰ ਰਿਹੈ*
*ਹੁਣ ਨੇਰ੍ਹਿਆਂ ਨੂੰ ਕਹਿ ਦਿਉ... ਚਾਨਣ ਬਗ਼ਾਵਤ ਕਰ ਰਿਹੈ*
*(ਗੀਤ ਸਿਖ਼ਰ 'ਤੇ ਪੁੱਜਦਾ ਤੇ ਨਾਟਕ ਵੀ)*

–o–

# ਟਰਾਂਟੋ ਦੇ ਪੰਜਾਬੀ ਰੰਗਮੰਚ ਉੱਤੇ ਇਕ ਝਾਤ

**ਟਰਾਂਟੋ ਦੇ ਰੰਗਮੰਚ ਦਾ ਸ਼ੁਰੂਆਤੀ ਦੌਰ :**

ਖੁਸ਼ਹਾਲ ਜ਼ਿੰਦਗੀ ਦੀ ਭਾਲ 'ਚ ਕੈਨੇਡਾ ਆਉਣ ਵਾਲੇ ਪੰਜਾਬੀਆਂ ਦੀ ਆਮਦ ਭਾਵੇਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਹੋ ਗਈ ਸੀ, ਪਰ ਇਹ ਪ੍ਰਵਾਸੀ ਪੰਜਾਬੀ ਪਹਿਲਾਂ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਹੀ ਆਉਣੇ ਸ਼ੁਰੂ ਹੋਏ ਸਨ। ਟਰਾਂਟੋ ਸ਼ਹਿਰ ਬੀ.ਸੀ. ਤੋਂ ਬਹੁਤ ਦੂਰ ਹੋਣ ਕਰਕੇ ਤੇ ਦੂਸਰਾ ਲਾਗੇ ਕੋਈ ਸਮੁੰਦਰੀ ਤੱਟ ਨਾ ਹੋਣ ਕਾਰਨ ਪੰਜਾਬੀਆਂ ਦੀ ਇਸ ਪਾਸੇ ਆ ਵਸਣ ਦੀ ਰਫਤਾਰ ਬਹੁਤ ਧੀਮੀ ਸੀ। 1967 ਤੱਕ ਵੀ ਇਸ ਸ਼ਹਿਰ ਵਿਚ ਪੰਜਾਬੀਆਂ ਦੀ ਗਿਣਤੀ ਇਕ ਸੌ ਤੋਂ ਵੀ ਘੱਟ ਸੀ। ਆਬਾਦੀ ਦੇ ਮੁਤਾਬਕ ਸੁਭਾਵਿਕ ਹੀ ਸੀ ਕਿ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦੀ ਚਰਚਾ ਵੀ ਪਹਿਲਾਂ ਵੈਨਕੂਵਰ ਵੱਲੋਂ ਹੀ ਹੋਈ। ਉਨ੍ਹਾਂ ਦਿਨਾਂ ਵਿਚ ਨਸਲਵਾਦ ਅਤੇ ਕੰਮ ਲੱਭਣ ਦੀਆਂ ਦਿੱਕਤਾਂ ਕਾਰਨ ਬਹੁਤੇ ਪ੍ਰਵਾਸੀ ਟਰਾਂਟੋ ਸ਼ਹਿਰ ਵਿਚ ਹੀ ਰਹਿੰਦੇ ਸਨ। 1968-69 ਦੇ ਕਰੀਬ ਇਮੀਗਰੇਸ਼ਨ ਖੁੱਲ੍ਹ ਜਾਣ ਨਾਲ ਅਗਲੇ 4-5 ਸਾਲਾਂ 'ਚ ਹੀ ਵੱਡੀ ਗਿਣਤੀ 'ਚ ਪੰਜਾਬੀ ਇਸ ਸ਼ਹਿਰ ਵਿਚ ਆ ਵਸੇ ਸਨ। ਕੁਝ ਸਾਲਾਂ ਬਾਅਦ ਆਪਣੇ ਆਪ ਨੂੰ ਇਕ ਕਮਿਊਨਿਟੀ ਦੇ ਤੌਰ 'ਤੇ ਸਥਾਪਤ ਕਰਕੇ ਅਤੇ ਥੋੜੇ ਹਿੱਸੇ ਵੱਲੋਂ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਮਜਬੂਤ ਕਰ ਲੈਣ ਤੇ 1972-73 ਦੇ ਆਸ ਪਾਸ ਸ਼ਹਿਰ 'ਚ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦੀ ਲੋੜ ਮਹਿਸੂਸ ਹੋਣ ਲੱਗੀ। ਪਹਿਲਾਂ ਪਹਿਲ ਰੰਗਾ ਰੰਗ ਪ੍ਰੋਗਰਾਮ ਪੇਸ਼ ਕਰਨ ਵਾਲੇ ਗਾਇਕਾਂ ਦੇ ਪ੍ਰੋਗਰਾਮ ਹੋਣੇ ਸ਼ੁਰੂ ਹੋਏ। ਫੇਰ 1974 ਵਿਚ ਰੰਗ-ਮੰਚ ਨਾਲ ਮੋਹ ਰੱਖਣ ਵਾਲੇ ਲੋਕਾਂ ਨੇ ਡਾ. ਹਰਚਰਨ ਸਿੰਘ ਦਾ ਲਿਖਿਆ ਨਾਟਕ 'ਚਮਕੌਰ ਦੀ ਗੜ੍ਹੀ' ਹਰਪਾਲ ਟਿਵਾਣਾ ਦੀ ਨਿਰਦੇਸ਼ਨਾ ਹੇਠ ਕਰਵਾਇਆ। ਇਸ ਨਾਟਕ ਵਿਚ ਭਾਗ ਲੈਣ ਵਾਲੇ ਬਹੁਤੇ ਕਲਾਕਾਰ ਵੀ ਟਰਾਂਟੋ ਸ਼ਹਿਰ ਦੇ ਰਹਿਣ ਵਾਲੇ ਹੀ ਸਨ, ਜਿਨ੍ਹਾਂ ਵਿਚ 'ਪੰਜਾਬ ਦੀ ਗੂੰਜ' ਰੇਡੀਓ ਪ੍ਰੋਗਰਾਮ ਦੇ ਹੋਸਟ ਕੁਲਦੀਪ ਦੀਪਕ, ਸਵਰਗੀ ਗੁਰਦੀਪ ਚੌਹਾਨ, ਪ੍ਰਮਿੰਦਰ ਗਿੱਧਾ, ਡਾ. ਅਮਰਜੀਤ ਸਿੰਘ, ਦਲਜੀਤ ਕੌਰ ਮੁੱਖ ਤੌਰ 'ਤੇ ਸਰਗਰਮ ਸਨ। 1975 ਵਿਚ ਫੇਰ ਹਰਪਾਲ ਟਿਵਾਣਾ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਦੀਵਾ ਬਲੇ ਸਾਰੀ ਰਾਤ' ਸੈਨਿਕਾ ਕਾਲਜ ਦੇ ਐਡੀਟੋਰੀਅਮ ਵਿਚ ਖੇਡਿਆ ਗਿਆ, ਇਸ ਨਾਟਕ 'ਚ ਅਦਾਕਾਰੀ ਕਰਨ ਵਾਲੇ ਬਹੁਤੇ ਕਲਾਕਾਰ ਵੀ ਟਰਾਂਟੋ ਦੇ ਰਹਿਣ ਵਾਲੇ ਹੀ ਸਨ।

1975 ਤੋਂ 1980 ਤੱਕ ਸਾਹਿਤਕ ਸਰਗਰਮੀਆਂ ਨਾਂਹ ਦੇ ਬਰਾਬਰ ਹੀ ਰਹੀਆਂ। ਇਸ ਦੇ ਕੁਝ ਕਾਰਨ ਮੁੱਖ ਸਨ ਜਿਵੇਂ ਇੰਡੀਆ ਵਿਚ ਐਮਰਜੈਂਸੀ ਦਾ ਲੱਗਣਾ, ਜਿਸ ਕਾਰਨ ਨਾਟਕਕਾਰਾਂ ਨੂੰ ਇਧਰ ਆਉਣ 'ਚ ਦਿੱਕਤ ਆਉਣ ਲੱਗੀ, ਦੂਸਰਾ ਵਲੰਟੀਅਰ ਤੌਰ 'ਤੇ ਹਿੱਸਾ ਲੈ ਕੇ ਕੰਮ ਕਰਨ ਵਾਲੇ ਪ੍ਰਬੰਧਕਾਂ ਲਈ ਸਮੇਂ ਅਤੇ ਆਰਥਿਕ ਸਾਧਨਾਂ ਦੀ ਬੜੀ ਮੁਸ਼ਕਲ ਸੀ, ਉਹ ਵੀ ਕੁਝ ਸਾਲਾਂ ਦੀ ਭੱਜ ਦੌੜ ਤੋਂ ਬਾਅਦ ਆਪਣੀ ਰੋਟੀ ਰੋਜ਼ੀ ਵੱਲ ਵੱਧ ਧਿਆਨ ਦੇਣ ਲੱਗੇ, ਕਿਉਂਕਿ ਨਵੇਂ ਆਏ ਲੋਕਾਂ ਲਈ ਉਨ੍ਹਾਂ ਦਿਨਾਂ 'ਚ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਫੇਰ 1981 ਵਿਚ ਪੇਸ਼ ਹੋਏ ਨਾਟਕ 'ਰਾਣੀ ਜਿੰਦਾ' ਦੀ ਪੇਸ਼ਕਾਰੀ ਨੇ ਇਸ ਖਲਾਅ ਨੂੰ ਪੂਰਨ ਵਿਚ ਵੱਡਾ ਹਿੱਸਾ ਪਾਇਆ। ਇਹ ਡਾ. ਹਰਚਰਨ ਸਿੰਘ ਦਾ ਲਿਖਿਆ ਨਾਟਕ ਮੋਹਣ ਮਹਾਂਰਿਸ਼ੀ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ ਸੀ। ਇਸ ਨਾਟਕ ਦੇ ਬਹੁਤੇ ਕਲਾਕਾਰ ਇੰਡੀਆ ਤੋਂ ਹੀ ਆਏ ਸਨ। ਇਸ ਤੋਂ ਬਾਅਦ ਅੱਜ ਤੱਕ ਬਿਨਾਂ ਕਿਸੇ ਲੰਮੇ ਵਕਫੇ ਤੋਂ ਰੰਗ-ਮੰਚ ਦੀਆਂ ਗਤੀਵਿਧੀਆਂ

ਲਗਾਤਾਰ ਚੱਲ ਰਹੀਆਂ ਹਨ। ਹਰ ਸਾਲ ਘੱਟੋ ਘੱਟ ਇਕ ਨਾਟਕ ਤਾਂ ਹੁੰਦਾ ਹੀ ਹੈ, ਪਰ ਕਈ ਵਾਰ ਇਕ ਸਾਲ ਵਿਚ ਕਈ ਕਈ ਪੇਸ਼ਕਾਰੀਆਂ ਵੀ ਹੋ ਜਾਂਦੀਆਂ ਹਨ। ਜਿਉਂ ਜਿਉਂ ਪੰਜਾਬੀ ਪ੍ਰਵਾਸੀਆਂ ਦੀ ਗਿਣਤੀ ਵੱਧਦੀ ਗਈ, ਇਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲੱਭਣ ਲਈ ਕਈ ਖੱਬੇਪੱਖੀ ਜਥੇਬੰਦੀਆਂ ਵੀ ਹੋਂਦ 'ਚ ਆਉਣ ਲੱਗੀਆਂ। ਜਿਨ੍ਹਾਂ 'ਚ 'ਈਸਟ ਇੰਡੀਅਨ ਡੀਫੈਂਸ ਕਮੇਟੀ' ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, 'ਇਪਾਨਾ' ਨਾਂ ਦੀਆਂ ਜਥੇਬੰਦੀਆਂ ਮੁੱਖ ਤੌਰ 'ਤੇ ਸਰਗਰਮ ਸਨ। ਇਪਾਨਾ ਜਥੇਬੰਦੀ ਵੱਲੋਂ 1983 ਤੇ 1985 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਟੀਮ ਵੱਲੋਂ ਸ. ਗੁਰਸ਼ਰਨ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ ਵੀ ਕਰਵਾਏ ਗਏ। ਸ. ਗੁਰਸ਼ਰਨ ਸਿੰਘ ਹੋਰਾਂ ਵੱਲੋਂ ਨਾਟਕਾਂ ਲਈ ਅਪਣਾਈ ਜਾਂਦੀ ਸਰਲ ਵਿਧੀ ਤੇ ਗੁਰਸ਼ਰਨ ਸਿੰਘ ਵੱਲੋਂ ਸਥਾਨਕ ਕਲਾਕਾਰਾਂ ਨੂੰ ਦਿੱਤੇ ਹੌਸਲੇ ਨੇ ਲੋਕਲ ਪੱਧਰ 'ਤੇ ਨਾਟਕ ਟੀਮਾਂ ਤਿਆਰ ਕਰਨ ਦਾ ਇਕ ਵਧੀਆ ਮਾਹੌਲ ਪੈਦਾ ਕੀਤਾ।

1986 ਵਿਚ ਸਥਾਨਕ ਰੰਗ-ਕਰਮੀ ਰਵਿੰਦਰ ਗਿੱਲ ਵੱਲੋਂ ਸਭਿਆਚਾਰਕ ਸਰਗਰਮੀਆਂ ਵਿਚ ਲਗਾਤਾਰਤਾ ਲਿਆਉਣ ਦਾ ਹੰਭਲਾ ਮਾਰਿਆ ਗਿਆ। ਉਸ ਵੱਲੋਂ ਕੀਤੀ ਇਸ ਕੋਸ਼ਿਸ਼ ਸਦਕਾ ਹੀ 1988 ਵਿਚ ਵੈਨਕੂਵਰ ਸੱਥ ਦੀ ਟੀਮ ਵੱਲੋਂ ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਲੱਤਾਂ ਦੇ ਭੂਤ' ਨਾਟਕ ਪੇਸ਼ ਕੀਤਾ ਗਿਆ। ਇਸ ਨਾਟਕ ਦੀ ਖਾਸੀਅਤ ਇਹ ਸੀ ਕਿ ਟਰਾਂਟੋ ਸ਼ਹਿਰ ਵਿਚ ਖੇਡਿਆ ਗਿਆ ਇਹ ਉਹ ਪਹਿਲਾ ਨਾਟਕ ਸੀ, ਜਿਸ ਦੇ ਸਾਰੇ ਕਲਾਕਾਰ, ਲੇਖਕ, ਨਿਰਦੇਸ਼ਕ ਕਨੇਡਾ ਦੇ ਰਹਿਣ ਵਾਲੇ ਸਨ ਤੇ ਨਾਟਕ ਦਾ ਵਿਸ਼ਾ ਵੀ ਇਥੋਂ ਦੇ ਲੋਕਾਂ ਦੀਆਂ ਮੁਸ਼ਕਲਾਂ ਨਾਲ ਸਬੰਧਤ ਸੀ। 1990 ਤੋਂ ਬਾਅਦ ਇਥੋਂ ਦੇ ਰੰਗ-ਮੰਚ 'ਚ ਇਕ ਖ਼ਾਸ ਤਬਦੀਲੀ ਦੇਖਣ ਨੂੰ ਮਿਲੀ, ਇਥੋਂ ਦੇ ਸਥਾਨਕ ਕਲਾਕਾਰਾਂ ਨੇ ਆਪੋ ਆਪਣੀਆਂ ਨਾਟਕ ਮੰਡਲੀਆਂ ਬਣਾ ਕੇ ਨਾਟਕ ਪੇਸ਼ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨਾਟਕ ਮੰਡਲੀਆਂ ਵਿਚ ਇਕ ਤਰ੍ਹਾਂ ਦੇ ਉਹ ਕਲਾਕਾਰ ਵੀ ਆਏ ਜਿਨ੍ਹਾਂ ਨੇ ਕੁਝ ਨਾਟਕਾਂ ਵਿਚ ਕੰਮ ਕੀਤਾ ਤੇ ਫਿਰ ਰੰਗ-ਮੰਚ ਤੋਂ ਦੂਰ ਹੁੰਦੇ ਚਲੇ ਗਏ। ਦੂਜੀ ਕਿਸਮ ਦੇ ਉਹ ਰੰਗ-ਕਰਮੀ ਵੀ ਅੱਗੇ ਆਏ ਜਿਹੜੇ ਰੰਗ-ਮੰਚ ਪ੍ਰਫੁੱਲਤ ਕਰਨ ਲਈ ਪਿਛਲੇ ਲੰਮੇ ਸਮੇਂ ਤੋਂ ਲੈ ਕੇ ਅੱਜ ਤੱਕ ਪੂਰੀ ਤਨਦੇਹੀ ਨਾਲ ਇਸ ਪਾਸੇ ਲੱਗੇ ਹੋਏ ਸਨ। ਇਨ੍ਹਾਂ ਵਿਚੋਂ ਪੰਜਾਬੀ ਆਰਟਸ ਐਸੋਸੀਏਸ਼ਨ (ਬਲਜਿੰਦਰ ਲੇਲਣਾ, ਕੁਲਦੀਪ ਰੰਧਾਵਾ) ਦਾ ਨਾਂ ਮੂਹਰਲੀਆਂ ਸਫਾਂ 'ਚ ਆਉਂਦਾ ਹੈ। 'ਸਭਿਆਚਾਰਕ ਮੰਚ ਟਰਾਂਟੋ' ਤੇ ਫੇਰ 'ਚੇਤਨਾ ਮੰਚ' (ਨਾਹਰ ਔਜਲਾ) ਵੱਲੋਂ ਵੀ ਪਿਛਲੇ ਲੰਮੇ ਸਮੇਂ ਤੋਂ ਰੰਗ-ਮੰਚ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ। ਇਨ੍ਹਾਂ ਤੋਂ ਇਲਾਵਾ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਗਦਰ ਹੈਰੀਟੇਜ, ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਕਲੱਬ, ਪੰਜਾਬੀ ਸੱਥ, ਲੋਕ ਰੰਗ-ਮੰਚ, ਸਰਗਮ ਰੇਡੀਓ ਦੀ ਟੀਮ, ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ, ਉਨਟਾਰੀਉ ਪੰਜਾਬੀ ਥੀਏਟਰ, ਤਰਕਸ਼ੀਲ ਸੁਸਾਇਟੀ ਵਰਗੀਆਂ ਸੰਸਥਾਵਾਂ ਹਨ, ਜਿਨ੍ਹਾਂ ਵਿਚੋਂ ਕੁਝ ਆਰਜੀ ਤੌਰ 'ਤੇ ਸਰਗਰਮ ਰਹੀਆਂ ਤੇ ਕੁਝ ਜਥੇਬੰਦੀਆਂ ਲਗਾਤਾਰਤਾ ਨਾਲ ਕੰਮ ਕਰ ਰਹੀਆਂ ਹਨ। ਕੁਝ ਉਹ ਵਿਅਕਤੀ ਵੀ ਹਨ ਜਿਨ੍ਹਾਂ ਨੇ ਸਰਗਰਮੀ ਨਾਲ ਵਿਅਕਤੀਗਤ ਤੌਰ 'ਤੇ ਰੰਗ-ਮੰਚ ਨੂੰ ਪ੍ਰਫੁੱਲਤ ਕਰਨ ਲਈ ਆਪਣਾ ਯੋਗਦਾਨ ਪਾਇਆ। ਉਨ੍ਹਾਂ ਵਿਚੋਂ ਜਸਪਾਲ ਢਿੱਲੋਂ, ਗੁਰਸ਼ਰਨ ਮਾਨ, ਕਿਰਪਾਲ ਕੰਵਲ ਮੁੱਖ ਤੌਰ 'ਤੇ ਹਨ। 1990 ਤੋਂ ਬਾਅਦ ਜਿਉਂ ਹੀ ਨਾਟਕ ਟੀਮਾਂ ਬਣਨੀਆਂ ਸ਼ੁਰੂ ਹੋਈਆਂ ਉਦੋਂ ਤੋਂ ਹੀ ਕੁਝ ਸਥਾਨਕ ਲੇਖਕਾਂ ਵੱਲੋਂ ਕੁਝ ਨਾਟਕ ਵੀ ਲਿਖੇ ਗਏ ਜਿਨ੍ਹਾਂ 'ਚੋਂ ਕੁਝ ਤਾਂ ਲੋਕਾਂ ਦੇ ਮਸਲਿਆਂ ਨਾਲ ਜੁੜੇ ਹੋਏ ਸਨ ਤੇ ਕੁਝ ਇਤਿਹਾਸਕ ਘਟਨਾਵਾਂ ਨਾਲ। ਜਿਨ੍ਹਾਂ ਵਿਚ ਮੇਜਰ ਮਾਂਗਟ (ਚੌਰਸਤਾ ਤੇ ਪਿੰਜਰੇ), ਉਂਕਾਰਪ੍ਰੀਤ 'ਆਜ਼ਾਦੀ ਦੇ ਜਹਾਜ਼' ਤੇ 'ਪ੍ਰਗਟਿਉ ਖਾਲਸਾ', ਕੁਲਵਿੰਦਰ

ਖਹਿਰਾ 'ਇਕ ਜੰਗ ਇਹ ਵੀ ਅਤੇ' 'ਲਰੇ ਦੀਨ ਕੇ ਹੇਤ', ਅਮਰ ਅਕਬਰਪੁਰੀ (ਘਰ ਘਰ ਦੀ ਕਹਾਣੀ), ਤਰਲੋਚਨ ਸਿੰਘ ਗਿੱਲ 'ਲੋਕ ਸੇਵਾ', ਬਲਬੀਰ ਸੰਘੇੜਾ (ਕੇਸਰ ਦੇ ਫੁੱਲ), ਕੁਲਦੀਪ ਢਿੱਲੋਂ (ਬਦਲਦੇ ਰਿਸ਼ਤੇ), ਹੀਰਾ ਰੰਧਾਵਾ (ਕਾਰੋਬਾਰੀ ਪਲਾਨਿੰਗ), ਨਾਹਰ ਔਜਲਾ (ਅਹਿਸਾਸ, ਰੌਕੀ, ਤਿੜਕਦੇ ਰਿਸ਼ਤੇ, ਨਵੇਂ ਯੁੱਗ ਦੀ ਬਾਤ..., ਡਾਲਰਾਂ ਦੀ ਦੌੜ) ਦੇ ਨਾਮ ਸ਼ਾਮਲ ਹਨ।

ਇਥੇ ਉਨ੍ਹਾਂ ਉੱਘੇ ਨਾਟਕਕਾਰਾਂ ਦਾ ਨਾਂ ਲੈਣਾ ਬੇਹੱਦ ਜ਼ਰੂਰੀ ਹੈ, ਜਿਨ੍ਹਾਂ ਦੀ ਕੋਸ਼ਿਸ਼ ਸਦਕਾ ਇਥੇ ਰੰਗ-ਮੰਚ ਨੇ ਜੜ੍ਹਾਂ ਲਾਈਆਂ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਹੀ ਇਥੇ ਦੇ ਕਲਾਕਾਰਾਂ ਦੇ ਹੌਸਲੇ ਵਧੇ, ਉਨ੍ਹਾਂ ਵਿਚ ਡਾ. ਹਰਚਰਨ ਸਿੰਘ, ਹਰਪਾਲ ਟਿਵਾਣਾ, ਸ. ਗੁਰਸ਼ਰਨ ਸਿੰਘ, ਡਾ. ਆਤਮਜੀਤ, ਪਾਲੀ ਭੁਪਿੰਦਰ, ਨਿਰਮਲ ਜੌੜਾ, ਅਜਮੇਰ ਔਲਖ ਤੋਂ ਇਲਾਵਾ ਨਿਰਮਲ ਰਿਸ਼ੀ, ਹਰਕੇਸ਼ ਚੌਧਰੀ, ਮਾਸਟਰ ਤਰਲੋਚਨ ਸਿੰਘ, ਹਰਦੀਪ ਗਿੱਲ ਤੇ ਅਨੀਤਾ ਦਾ ਵੀ ਵੱਡਾ ਯੋਗਦਾਨ ਹੈ। ਕੈਨੇਡਾ ਦੇ ਹੋਰ ਸ਼ਹਿਰਾਂ 'ਚ ਵਸਦੇ ਰੰਗ-ਕਰਮੀ ਜਿਵੇਂ ਸਾਧੂ ਬਿਨਿੰਗ, ਸੁਖਵੰਤ ਹੁੰਦਲ, ਰਾਜ ਤੇ ਕਮਲ ਕੈਲਗਰੀ, ਪਰਮਜੀਤ ਐਡਮਿੰਟਨ, ਪ੍ਰਮਿੰਦਰ ਸਵੈਚ ਹੋਰਾਂ ਵੱਲੋਂ ਵੀ ਸਮੇਂ ਸਮੇਂ 'ਤੇ ਟਰਾਂਟੋ ਤੇ ਆਸ-ਪਾਸ ਦੇ ਇਲਾਕਿਆਂ 'ਚ ਨਾਟਕ ਪੇਸ਼ ਕਰਕੇ ਇਥੋਂ ਦੇ ਨਾਟ-ਮੰਚ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਹਿੱਸਾ ਪਾਇਆ। ਭਾਵੇਂ ਟਰਾਂਟੋ ਤੇ ਇਸਦੇ ਆਸ-ਪਾਸ ਦੇ ਇਲਾਕਿਆਂ 'ਚ ਨਾਟਕਾਂ ਦਾ ਕੰਮ ਕਦੇ ਤੇਜ਼ੀ ਨਾਲ ਤੇ ਕਦੇ ਧੀਮੀ ਚਾਲ ਚਲਦਾ ਹੀ ਰਹਿੰਦਾ ਹੈ, ਪਰ ਟਰਾਂਟੋ ਵਿਚਲਾ ਰੰਗਮੰਚ ਅਜੇ ਕੋਈ ਨਵੀਆਂ ਪੁਲਾਂਘਾਂ ਪੁੱਟਣ 'ਚ ਕਾਮਯਾਬ ਨਹੀਂ ਹੋ ਸਕਿਆ, ਇਸਦੇ ਕਈ ਕਾਰਨ ਹਨ ਜਿਨ੍ਹਾਂ 'ਤੇ ਝਾਤ ਮਾਰਨੀ ਬਹੁਤ ਜ਼ਰੂਰੀ ਹੈ। ਕੈਨੇਡਾ ਇੱਕ ਇਹੋ ਜਿਹਾ ਦੇਸ਼ ਹੈ ਜਿਥੇ ਰੋਟੀ ਲਈ ਹਰ ਕਿਸੇ ਨੂੰ ਬੜੀ ਸਖ਼ਤ ਮਿਹਨਤ ਕਰਨੀ ਪੈਂਦੀ ਹੈ, ਕਲਾਕਾਰ ਕਿਸੇ ਵੀ ਨਾਟਕ ਦੀ ਤਿਆਰੀ ਸਮੇਂ ਪੂਰਾ ਸਮਾਂ ਨਹੀਂ ਦੇ ਸਕਦਾ, ਜਿਸ ਨਾਲ ਉਹ ਆਪਣੇ ਕਰੈਕਟਰ ਨਾਲ ਪੂਰਾ ਪੂਰਾ ਇਨਸਾਫ ਨਹੀਂ ਕਰ ਪਾਉਂਦਾ। ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਕਰਵਾਉਣ ਵਾਲੀਆਂ ਸੰਸਥਾਵਾਂ ਵੱਲੋਂ ਕਿਸੇ ਨਿਰਦੇਸ਼ਕ ਜਾਂ ਅਦਾਕਾਰ ਨੂੰ ਕੋਈ ਆਰਥਿਕ ਮੱਦਦ ਨਹੀਂ ਦਿੱਤੀ ਜਾਂਦੀ। ਕੁਝ ਕਲਾਕਾਰ ਤਾਂ ਇਕ ਸਾਲ ਬਾਅਦ ਜਾਂ ਇਸ ਤੋਂ ਵੀ ਵੱਧ ਸਮੇਂ ਬਾਅਦ ਹੀ ਕਿਸੇ ਨਾਟਕ 'ਚ ਅਦਾਕਾਰੀ ਕਰਦੇ ਹਨ ਜਿਸ ਕਾਰਨ ਲਗਾਤਾਰਤਾ ਟੁੱਟ ਜਾਂਦੀ ਹੈ ਤੇ ਕਲਾਕਾਰ ਆਪਣੀ ਕਲਾ 'ਚ ਕੋਈ ਨਿਖਾਰ ਨਹੀਂ ਲਿਆ ਸਕਦਾ। ਟਰਾਂਟੋ ਦਾ ਰੰਗਮੰਚ ਆਪਣੇ ਦਰਸ਼ਕ ਪੈਦਾ ਕਰਨ 'ਚ ਕਾਮਯਾਬ ਨਹੀਂ ਹੋ ਸਕਿਆ। ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਰੰਗਮੰਚ ਦੇਖਣਾ ਪੰਜਾਬੀ ਲੋਕਾਂ ਦੀ ਕਲਾਤਮਿਕ ਭੁੱਖ ਨਹੀਂ ਬਣ ਸਕਿਆ। ਪੰਜਾਬੀਆਂ ਵੱਲੋਂ ਨਾਟਕ ਹੋਵੇ ਜਾਂ ਨਾ ਹੋਵੇ ਕੋਈ ਫ਼ਰਕ ਨਹੀਂ ਪਾਉਂਦਾ। ਟਰਾਂਟੋ 'ਚ ਭਾਵੇਂ ਨਾਟਕ ਕਾਫੀ ਲੰਮੇ ਸਮੇਂ ਤੋਂ ਹੋ ਰਹੇ ਹਨ ਪਰ ਉਨ੍ਹਾਂ ਦਰਸ਼ਕਾਂ ਦੀ ਗਿਣਤੀ ਬਹੁਤ ਥੋੜੀ ਹੈ ਜੋ ਆਪ ਮੁਹਾਰੇ ਇਨ੍ਹਾਂ ਨਾਟਕਾਂ ਨੂੰ ਦੇਖਣ ਆਉਂਦੇ ਹਨ। ਹਰ ਨਾਟਕ ਮੰਡਲੀ ਜਾਂ ਸੰਸਥਾ ਵੱਲੋਂ ਕਰਵਾਏ ਗਏ ਪ੍ਰੋਗਰਾਮਾਂ ਸਮੇਂ ਬਹੁਤੀ ਗਿਣਤੀ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜਿਨ੍ਹਾਂ ਨੂੰ ਰੰਗਕਰਮੀਆਂ ਜਾਂ ਪ੍ਰਬੰਧਕਾਂ ਵੱਲੋਂ ਨਿੱਜੀ ਤੌਰ 'ਤੇ ਬੁਲਾਇਆ ਗਿਆ ਹੁੰਦਾ ਹੈ, ਜਿਹੜੇ ਉਨ੍ਹਾਂ ਦੇ ਰਿਸ਼ਤੇਦਾਰ, ਦੋਸਤ ਮਿੱਤਰ ਜਾਂ ਭਾਈਚਾਰਕ ਸਾਂਝ ਵਾਲੇ ਹੀ ਹੁੰਦੇ ਹਨ। ਕਈ ਵਾਰ ਤਾਂ ਮੁਫਤ ਵਿਚ ਰੱਖੇ ਗਏ ਨਾਟਕਾਂ ਦੇ ਪ੍ਰੋਗਰਾਮ ਵਿਚ ਵੀ ਗਿਣਤੀ 4-5 ਸੋ ਤੋਂ ਵੱਧ ਨਹੀਂ ਪਹੁੰਚਦੀ। ਦਰਸ਼ਕਾਂ ਨੂੰ ਨਾ ਖਿੱਚ ਸਕਣ ਵਿਚ ਇੱਕ ਕਾਰਨ ਇਹ ਵੀ ਹੈ ਕਿ ਕਲਾਕਾਰਾਂ ਦੀ ਕਲਾਤਮਕ ਪੇਸ਼ਕਾਰੀ ਉੱਚ ਦਰਜੇ ਦੀ ਨਹੀਂ ਹੈ। ਲੰਮਾ ਸਮਾਂ ਪਹਿਲਾਂ ਡਾ. ਹਰਚਰਨ ਸਿੰਘ, ਹਰਪਾਲ ਟਿਵਾਣਾ, ਗੁਰਸ਼ਰਨ ਸਿੰਘ ਤੇ ਆਤਮਜੀਤ ਵਰਗੇ ਉੱਘੇ ਨਾਟਕਕਾਰ ਵੱਡੀ ਗਿਣਤੀ 'ਚ ਦਰਸ਼ਕਾਂ ਨੂੰ ਆਪਣੇ ਨਾਟਕਾਂ ਵੱਲ ਖਿੱਚਣ ਵਿਚ ਕਾਮਯਾਬ ਰਹਿੰਦੇ ਸਨ। ਉਸਦਾ ਇੱਕ ਕਾਰਨ ਇਹ ਵੀ ਸੀ ਕਿ ਲੋਕ ਕੈਨੇਡਾ 'ਚ

ਰਹਿੰਦਿਆਂ ਵੀ ਆਪਣੇ ਪਿਛੋਕੜ ਨਾਲ ਵੱਧ ਜੁੜੇ ਰਹਿੰਦੇ ਸਨ। ਇਸ ਕਾਰਨ ਉਹ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ ਨਾਲ ਜੁੜੇ ਨਾਟਕ ਦੇਖਣੇ ਪਸੰਦ ਕਰਦੇ ਸਨ। ਪਰ ਹੁਣ ਹਾਲਾਤ ਬਿਲਕੁੱਲ ਵੱਖਰੇ ਹਨ। ਕੈਨੇਡਾ ਆਉਣ ਵਾਲੇ ਲੋਕ ਹੁਣ ਪੱਕੇ ਤੌਰ 'ਤੇ ਕਨੇਡਾ 'ਚ ਰਹਿਣਾ ਹੀ ਪਸੰਦ ਕਰਦੇ ਹਨ। ਹੁਣ ਪੰਜਾਬੀ ਲੋਕਾਂ ਦੀਆਂ ਸਮੱਸਿਆਵਾਂ ਇਥੋਂ ਦੀਆਂ ਹਨ, ਜਿਹੜੀਆਂ ਪੰਜਾਬ ਦੇ ਲੋਕਾਂ ਨਾਲੋਂ ਕਾਫ਼ੀ ਵੱਖਰੀਆਂ ਹਨ। ਅੱਜਕੱਲ੍ਹ ਪੰਜਾਬ ਤੋਂ ਆਇਆ ਕੋਈ ਵੀ ਪ੍ਰਸਿੱਧ ਨਾਟਕਕਾਰ ਦਰਸ਼ਕਾਂ ਨੂੰ ਕੀਲ ਨਹੀਂ ਸਕਦਾ, ਅਗਰ ਉਸ ਦੇ ਨਾਟਕ ਦਾ ਵਿਸਾ ਇਥੋਂ ਨਾਲ ਸਬੰਧਤ ਨਹੀਂ ਹੈ। ਦਰਸ਼ਕਾਂ ਦੀ ਘਾਟ ਦਾ ਇਕ ਕਾਰਨ ਇਹ ਵੀ ਹੈ ਕਿ ਇਥੋਂ ਰੰਗਕਰਮੀ, ਨੌਜਵਾਨ ਬੱਚਿਆਂ ਨੂੰ ਇਸ ਕਲਾ ਨਾਲ ਜੋੜਨ ਵਿਚ ਕਾਮਯਾਬ ਨਹੀਂ ਹੋ ਸਕੇ। ਬਹੁਤੇ ਰੰਗਕਰਮੀ ਪੰਜਾਬ ਦੇ ਪਿੰਡਾਂ ਦੇ ਪਿਛੋਕੜ ਨਾਲ ਜੁੜੇ ਹੋਏ ਹਨ, ਉਨ੍ਹਾਂ ਨੇ ਆਪਣੇ ਤਜਰਬੇ ਨਾਲ ਅਦਾਕਾਰੀ ਤਾਂ ਕੁਝ ਨਾ ਕੁਝ ਸਿੱਖੀ ਹੋਈ ਹੈ ਪਰ ਉਨ੍ਹਾਂ ਕੋਲ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੀ ਡਿਗਰੀ ਨਹੀਂ ਹੈ, ਜਿਸ ਨਾਲ ਉਹ ਪੰਜਾਬੀ ਜ਼ੁਬਾਨ ਬਾਰੇ ਪੂਰੀ ਜਾਣਕਾਰੀ ਨਾ ਰੱਖਣ ਵਾਲੇ ਬੱਚਿਆਂ ਨੂੰ ਭਾਸ਼ਾ ਦੇ ਆਰ-ਪਾਰ ਜਾ ਕੇ ਉਨ੍ਹਾਂ ਨੂੰ ਰੰਗਮੰਚ ਨਾਲ ਜੋੜ ਸਕਣ। ਬਹੁਤੇ ਨਿਰਦੇਸ਼ਕ ਕੰਮਾਂ ਕਾਰਾਂ 'ਚ ਰੁੱਝੇ ਹੋਣ ਕਾਰਨ ਜਾਂ ਆਰਥਿਕ ਮਜ਼ਬੂਰੀਆਂ ਹੋਣ ਕਾਰਨ ਜਾਂ ਫਿਰ ਰੁਚੀ ਨਾ ਹੋਣ ਕਾਰਨ ਇਥੇ ਮੇਨ ਸਟਰੀਮ 'ਚ ਹੁੰਦੇ ਉੱਚਤਮ ਦਰਜੇ ਦੇ ਰੰਗਮੰਚ ਨੂੰ ਦੇਖਣ ਹੀ ਨਹੀਂ ਜਾਂਦੇ। ਜਿਹੜੇ ਨੌਜਵਾਨ ਬੱਚੇ ਸਭਿਆਚਾਰਕ ਸਰਗਰਮੀਆਂ 'ਚ ਹਿੱਸਾ ਲੈਂਦੇ ਵੀ ਹਨ, ਉਹ ਸਿਰਫ ਹਿੰਦੀ, ਪੰਜਾਬੀ ਗਾਣਿਆਂ ਜਾਂ ਗਿੱਧੇ ਭੰਗੜੇ ਤੇ ਕੋਰੀਓਗ੍ਰਾਫੀ ਕਰਨ ਤੱਕ ਹੀ ਸੀਮਤ ਹਨ। ਰੰਗਮੰਚ ਦੇ ਦਰਸ਼ਕਾਂ ਦੀ ਘਾਟ ਨੂੰ ਮਹਿਸੂਸਦਿਆਂ ਕੁਝ ਰੰਗਕਰਮੀ ਲੋਕਾਂ ਵੱਲੋਂ ਆਪਣੇ ਨਾਟਕਾਂ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਲਈ ਟੈਲੀਵੀਜਨ ਵਾਲੀ ਵਿਧੀ ਨੂੰ ਵੀ ਵਰਤਿਆ ਜਾ ਰਿਹਾ ਹੈ। ਟੈਲੀਵੀਜਨ ਦੇਖਣ ਵਾਲੇ ਦਰਸ਼ ਕਾਂ ਦੀ ਗਿਣਤੀ ਲੱਖਾਂ ਵਿਚ ਹੁੰਦੀ ਹੈ। ਨਾਹਰ ਔਜਲਾ (ਲੇਖਕ) ਵੱਲੋਂ ਇਹ ਕੋਸ਼ਿਸ਼ ਸ਼ੁਰੂ ਕੀਤੀ ਗਈ ਹੈ। ਇਸ ਕਿਤਾਬ ਵਿਚਲੇ ਸਾਰੇ ਹੀ ਨਾਟਾਂ ਦਾ ਸਟੇਜੀ ਮੰਚਣ ਟੈਲੀਵੀਜਨ ਤੋਂ ਵੀ ਦਿਖਾਇਆ ਗਿਆ ਹੈ, ਦਰਸ਼ਕਾਂ ਵੱਲੋਂ ਬਹੁਤ ਹੀ ਭਰਾਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਨਾਟਕ ਇਥੋਂ ਦੀਆਂ ਮੁਸ਼ਕਲਾਂ ਨਾਲ ਸਬੰਧਤ ਹਨ।

ਕੁੱਲ ਮਿਲਾ ਕੇ ਟਰਾਂਟੋ ਦੇ ਪੰਜਾਬੀ ਰੰਗਮੰਚ ਦੇ ਆਪਣੇ ਨਕਸ਼ ਉਘੜਨ ਦੇ ਆਸਾਰ ਬਣ ਰਹੇ ਹਨ। ਪੰਜਾਬੀ ਰੰਗਮੰਚ ਦੇ ਇਸ ਪੜਾਅ ਤੱਕ ਪਹੁੰਚਣ ਵਿਚ ਜਿਥੇ ਬਹੁਤ ਸਾਰੇ ਪੰਜਾਬ ਵਿਚ ਰਹਿ ਰਹੇ ਤੇ ਕਦੇ ਕਦਾਈਂ ਇਥੇ ਆਉਣ ਵਾਲੇ ਸਮਰੱਥ ਨਾਟਕਕਾਰਾਂ ਦਾ ਹੱਥ ਹੈ, ਉਥੇ ਇਥੇ ਰਹਿ ਕੇ ਇਥੋਂ ਦੀ ਮਿੰਟਾਂ ਸਕਿੰਟਾਂ 'ਚ ਵੰਡੀ ਜ਼ਿੰਦਗੀ 'ਚੋਂ ਵੀ ਰੰਗਮੰਚ ਲਈ ਸਮਾਂ ਕੱਢਣ ਵਾਲੇ ਸੁਹਿਰਦ ਨਾਟਕਕਾਰਾਂ/ ਰੰਗਕਰਮੀਆਂ ਦਾ ਵੀ ਵੱਡਾ ਯੋਗਦਾਨ ਹੈ।

ਨਿਸ਼ਚਿਤ ਰੂਪ ਵਿਚ ਟਰਾਂਟੋ ਵਿਚਲਾ ਪੰਜਾਬੀ ਰੰਗਮੰਚ ਇਥੋਂ ਦੀਆਂ, ਖਾਸ ਕਰ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ, ਅੰਤਰ ਵਿਰੋਧਾਂ, ਇਥੋਂ ਦੀ ਜ਼ਿੰਦਗੀ 'ਤੇ ਆਧਾਰਿਤ ਨਾਟ ਗਤੀਵਿਧੀਆਂ ਦੇ ਚਲਦਿਆਂ ਹੀ ਪ੍ਰਫੁੱਲਤ ਹੋਣਾ ਹੈ। ਵਿਕਸਤ ਰੰਗਮੰਚੀ ਰੂਪਾਂ ਤੋਂ ਸਿੱਖ ਕੇ ਆਪਣੀ ਕਲਾ 'ਚ ਹੋਰ ਨਿਖਾਰ ਲਿਆਉਂਦਿਆਂ ਨਵਾਂ ਮੁਹਾਂਦਰਾ ਘੜਿਆ ਜਾਵੇਗਾ।

ਟਰਾਂਟੋ ਦੇ ਪੰਜਾਬੀ ਰੰਗਮੰਚ ਦਾ ਅੱਜ ਤਸੱਲੀਬਖਸ਼ ਹੈ ਪਰ ਰੰਗ ਕਰਮੀਆਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੋਂ ਲੱਗਦਾ ਹੈ ਕਿ ਭਵਿੱਖ ਬਹੁਤ ਉੱਜਲਾ ਹੈ।

-o-